DHINDSA TRAVEL
ਬਾਜ਼ਾਰ ਨਾਲੋਂ ਸਸਤੀਆਂ ਟਿਕਟਾਂ ਦੀ ਗਰੰਟੀ
Email:dhindsatravelltd@yahoo.com
Web:www.dhindsatravels.com
3 Locations Serve You
Payal Bussiness Centre #151-8120-128St, Surrey 604-599-5599
Abbotsford #104-32059 Hillcrest Ave 604-746-2727
DUKH NIVARAN SAHIB PLAZA #111-15299 68Ave 604-744-4445

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫ਼ਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 18 Ending Date: May 02, 2025

LW LAKHE WALE JEWELLERS
ਲੱਖੇਵਾਲੇ ਜਿਊਲਰਜ਼ ਜਗਰਾਉਂ ਵਾਲੇ
Manufacture, Retail, Wholesaler
ਅਸੀਂ ਸੋਨੇ ਦੇ ਗਹਿਣੇ ਬਣਾਉਂਦੇ ਹਾਂ ਹੋਲਸੇਲ ਅਤੇ ਰੀਟੇਲ
(604) 503-2655
#162-12899 80 Ave, Surrey
(PAYAL BUSINESS CENTRE)
www.lakhewalejewellers.com lwjwellers@gmail.com

# ਪਹਿਲਗਾਮ ਕਤਲੇਆਮ ਅਤੇ 25 ਸਾਲ ਪਹਿਲਾਂ ਹੋਇਆ ਚਿੱਠੀਸਿੰਘਪੁਰਾ ਕਤਲੇਆਮ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਕੜੀ ਦਾ ਹਿੱਸਾ





ਬਠਿੰਡਾ:ਪਹਿਲਗਾਮ ’ਚ 26 ਨਿਰਦੋਸ਼ ਸੈਲਾਨੀਆਂ ਦਾ ਕਤਲੇਆਮ ਇਕ ਭਿਆਨਕ ਵਰਤਾਰਾ ਅਤੇ ਹਕੂਮਤ ’ਤੇ ਇਕ ਕਲੰਕ ਹੈ, ਅਸਲ ’ਚ ਮੁਸਲਮਾਨਾਂ ਸਮੇਤ ਘੱਟ ਗਿਣਤੀਆਂ ਨੂੰ ਉਜਾੜਨ, ਮਾਰਨ, ਉਹਨਾਂ ਦੇ ਧਾਰਮਿਕ ਸਥਾਨ ਤਬਾਹ ਕਰਨ ਦੀ ਇੱਕ ਬੁਨਿਆਦ ਤੇ ਕੜੀ ਤਹਿਤ ਕਰਵਾਇਆ ਗਿਆ ਅਣਮਨੁੱਖੀ ਤੇ ਸਾਜ਼ਿਸੀ ਕਾਰਾ ਹੈ। ਇਹ ਬਿਲਕੁੱਲ ਉਸ ਤਰ੍ਹਾਂ ਹੀ ਜਿਵੇਂ ਸਿੱਖਾਂ ਦਾ ਕਤਲੇਆਮ ਕਰਵਾਇਆ ਗਿਆ ਸੀ। ਸਟੇਟ ਇਕ ਤੀਰ ਨਾਲ ਕਈ ਸ਼ਿਕਾਰ ਕਰ ਰਹੀ ਹੈ, ਇਸ ਤੋਂ ਬਾਅਦ ਭਵਿੱਖ ’ਚ ਘੱਟ ਗਿਣਤੀਆਂ ਨੂੰ ਖ਼ਤਮ ਕਰਨ ਦੇ ਵਰਤਾਰੇ ਨੂੰ ਪਹਿਲਗਾਮ ’ਚ ਸੈਲਾਨੀਆਂ ਦੇ ਕਤਲੇਆਮ ਰਾਹੀ ਹਮਦਰਦੀ ਵਟੋਰਨ ਦੀ ਤਾਕ ’ਚ ਹੈ, ਕਿਉਂਕਿ ਇਸ ਤੋਂ ਪਹਿਲਾਂ ਵਿਦੇਸ਼ਾਂ ’ਚ ਸਿੱਖਾਂ ਦੇ ਕਤਲੇਆਮ ਖਾਸ ਕਰਕੇ ਭਾਈ ਨਿੱਝਰ ਦੀ ਸ਼ਹੀਦੀ ਹਿੰਦ ਸਟੇਟ ਲਈ ਗਲ਼ ਦੀ ਹੱਡੀ ਬਣੀ ਹੋਈ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਹਰਦੀਪ ਸਿੰਘ ਮਹਿਰਾਜ, ਪੱਤਰਕਾਰ ਬਲਜਿੰਦਰ ਸਿੰਘ ਕੋਟਭਾਰਾ ਨੇ ਜਾਰੀ ਇਕ ਪ੍ਰੈਸ ਨੋਟ ਵਿੱਚ ਕੀਤਾ। ਦਲ ਖ਼ਾਲਸਾ ਦੇ ਕੇਂਦਰੀ ਵਰਕਿੰਗ ਕਮੇਟੀ ਮੈਂਬਰ ਭਾਈ ਗੁਰਵਿੰਦਰ ਸਿੰਘ ਬਠਿੰਡਾ, ਕਾਰਜਕਾਰੀ ਪ੍ਰਧਾਨ ਜੀਵਨ ਸਿੰਘ ਗਿੱਲ ਕਲਾਂ, ਭਾਈ ਰਾਮ ਸਿੰਘ ਢਪਾਲੀ, ਭਾਈ ਭਗਵਾਨ ਸਿੰਘ ਸੰਧੂ ਖੁਰਦ ਨੇ ਕਿਹਾ ਕਿ ਸੰਨ 2000 ਵਿੱਚ ਉਸ ਸਮੇਂ ਦੇ ਅਮਰੀਕੀ ਰਾਸਟਰਪਤੀ ਬਿਲ ਕਲਿੰਟਨ ਦੇ ਭਾਰਤੀ ਦੌਰੇ ਦੌਰਾਨ ਚਿੱਠੀ ਸਿੰਘਪੁਰਾ ਵਿੱਚ 36 ਨਿਰਦੋਸ਼ ਸਿੱਖਾਂ ਦੀ ਹੱਤਿਆ ਕੀਤੀ ਗਈ ਸੀ ਜਿਸ ’ਤੇ ਬਿਲ ਕਲਿੰਟਨ ਨੇ ਮਾਯੂਸ ਹੁੰਦਿਆ ਬਿਆਨ ਦਿੱਤਾ ਸੀ ਕਿ ਜੇ ਉਹ ਭਾਰਤ ਨਾ ਆਉਂਦੇ ਤਾਂ 36 ਨਿਰਦੋਸ਼ ਸਿੱਖਾਂ ਦੀ ਜਾਨ ਬਚ ਜਾਣੀ ਸੀ ਤੇ ਇਸ ਵੇਲੇ ਵੀ ਅਮਰੀਕਾ ਦਾ ਉਪ ਰਾਸਟਰਪਤੀ ਭਾਰਤੀ ਦੌਰੇ ’ਤੇ ਹੈ। ਇਸ ਕਤਲੇਆਮ ਤੇ ਪਲਵਾਮਾ ਹਮਲੇ ਦੀ ਨਿਰਪੱਖਤਾ ਨਾਲ ਕੋਈ ਜਾਂਚ ਨਹੀਂ ਹੋਈ, ਕਿਉਂਕਿ ਹਿੰਦ ਹਕੂਮਤ ਨਿਰਦੋਸ਼ ਲੋਕਾਂ ਦੇ ਕਲਤੇਆਮ ਕਰਵਾ ਕੇ ‘ਦੇਸ਼ ਦੀ ਏਕਤਾ’, ‘ਰਾਸ਼ਟਰ ਦੀ ਰੱਖਿਆ’,‘ਅੱਤਵਾਦ ਦਾ ਖਾਤਮਾ’ ਦਾ ਪ੍ਰਚਾਰ ਕਰਕੇ ਤੇ ਇਸ ਦੇ ਨਾਂ ’ਤੇ ਮੁਸਲਮਾਨਾਂ, ਸਿੱਖਾਂ, ਹੱਕ ਮੰਗਦੀ ਜਨਤਾ, ਕਾਰਪੋਰੇਟ ਤੋਂ ਦੁਖੀ ਵਰਗ, ਆਦਿ ਵਾਸੀਆਂ ਤੇ ਹੋਰ ਘੱਟ ਗਿਣਤੀਆਂ ਦਾ ਵਢਾਗਾ ਕਰਨ ਦੀ ਤਿਆਰੀ ਵਿੱਚ ਹੈ। ਉਹਨਾਂ ਕਿਹਾ ਕਿ ਲੋਕਾਂ ਦੀ ਮਾਨਸਿਕਤਾ ’ਚ ਫਿਰਕੂ ਨਫ਼ਰਤ, ਧਰਮਾਂ ਪ੍ਰਤੀ ਜ਼ਹਿਰ ਭਰਨ ਦਾ ਕੰਮ ਰਾਸਟਰਵਾਦੀ ਮੀਡੀਆ ਆਪਣੀ ਮਾਰੂ ਭੂਮਿਕਾ ਨਿਭਾਅ ਕੇ ਕਰ ਰਿਹਾ ਹੈ। ਉਹਨਾਂ ਕਿਹਾ ਕਿ ਜਿਥੇ ਅਸੀਂ ਵਾਹਿਗੁਰੂ ਅੱਗੇ ਨਿਰਦੋਸ਼ ਆਮ ਲੋਕਾਂ ਦੀਆਂ ਆਤਮਾ ਨੂੰ ਆਪਣੇ ਚਰਨਾਂ ’ਚ ਨਿਵਾਸ ਬਖ਼ਸਣ, ਅੱਗੇ ਤੋਂ ਅਜਿਹਾ ਕਤਲੇਆਮ ਨਾ ਹੋਣ ਦੀ ਅਰਦਾਸ ਕਰਦੇ ਹਾਂ, ਦੂਜੇ ਪਾਸੇ ਆਮ ਲੋਕਾਈ ਨੂੰ ਵੀ ਇਸ ਨੂੰ ਸੂਖਮਤਾ ਤੇ ਡੂੰਘਾਈ ਨਾਲ ਵੇਖਣ ਤੇ ਸਮਝਣ ਦੀ ਅਪੀਲ ਕਰਦੇ ਹਾਂ।

# ਲਿਬਰਲਾਂ ਨੂੰ 189 ਸੀਟਾਂ ਮਿਲਣ ਦੇ ਆਸਾਰ

ਟੋਰਾਂਟੋ:ਕੈਨੇਡਾ ਵਿਚ ਅੱਜ ਵੋਟਾਂ ਪੈ ਜਾਣ ਤਾਂ 189 ਸੀਟਾਂ ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਦੀ ਝੋਲੀ ਵਿਚ ਜਾਣਗੀਆਂ ਅਤੇ ਪੂਰਨ ਬਹੁਮਤ ਵਾਲੀ ਸਰਕਾਰ ਹੋਂਦ ਵਿਚ ਆਵੇਗੀ। 338 ਕੈਨੇਡਾ ਦੇ ਤਾਜ਼ਾ ਚੋਣ ਸਰਵੇਖਣ ਮੁਤਾਬਕ 343 ਮੈਂਬਰਾਂ ਵਾਲੇ ਹਾਊਸ ਆਫ਼ ਕਾਮਨਜ਼ ਵਿਚ ਪਿਅਰੇ ਪੌਇਲੀਐਵ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਨੂੰ 123 ਸੀਟਾਂ ਮਿਲ ਸਕਦੀਆਂ ਹਨ ਜਦਕਿ ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨ.ਡੀ.ਪੀ. ਸਿਰਫ਼ 8 ਸੀਟਾਂ ਤੱਕ ਸੀਮਤ ਹੋ ਜਾਵੇਗੀ। ਖੇਤਰੀ ਪਾਰਟੀ ਬਲੌਕ ਕਿਊਬੈਕਵਾ ਨੂੰ 22 ਸੀਟਾਂ ਮਿਲਣ ਦੇ ਆਸਾਰ ਹਨ। ਦੂਜੇ ਪਾਸੇ ਗਰੀਨ ਪਾਰਟੀ ਇਕ ਸੀਟ ਨਾਲ ਹਾਊਸ ਆਫ਼ ਕਾਮਨਜ਼ ਵਿਚ ਆਪਣੀ ਹਾਜ਼ਰੀ ਯਕੀਨੀ ਬਣਾ ਸਕਦੀ ਹੈ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
• ਲਾਈਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ
Insurance
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਊ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST.
(PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖ਼ਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
Rani Sidhu
Rani Sidhu:604-504-3400
Aman:604-800-3003
Email:sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

Pacific HOME WARRANTY
J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਜਰਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ
» ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
Ph. 604-596-2800
Satisfaction Guarantee

ਪੰਜਾਬ ਗਾਰਡੀਅਨ
Call to Advertise
604-590-5200


FARM AND SPICE
FARM AND SPICE
Weekly Special
Apr 25 – May 01
Senior Citizen Discount
5% Off
Every Thursday
Except on Dairy Products
ਛੋਟੇ ਤਰਬੂਜ
Mini Watermelon
each
$2.99
ਰੋਮਾ ਟਮਾਟਰ
Roma Tomatoes
per lb
$1.49
ਧਨੀਆ
Cilantro
2 for
$0.99
ਨਿੰਬੂ
Lemon
2 for
$0.99
ਲੈਟਸ
Head Lettuce
each
$1.99
ਲਸਨ
Garlic
1 Kg each
$3.99
ਬੈਂਗਣ
Indian Eggplant
per lb
$1.49
ਚਾਹ ਇੰਡੀਆ
Tea India
216 Tea bags
$8.99
ਕੰਟੀਨ ਬਾਸਮਤੀ
Canteen Indian Basmati
10 lbs
$10.99
ਮੈਮਪਸਟਰ ਗੋਲਗਪਾ
Mampster Golgappa
290 gms
$8.99
ਫੂਟੂਰਾ ਕੈਨੋਲਾ ਤੇਲ
Futura Canola Oil
3 ltrs each
$7.99
ਸਵੇਰਾ ਪਨੀਰ
Savera Paneer
341 gms each
$4.99
ਸ਼ੇਰ ਬੇਸਨ
Sher Besan
4 lbs
$4.99
ਅਮਬੇ ਮਕੀ ਆਟਾ
Ambay Makki Atta
4 lbs
$4.99
ਰੁਹਅਫਜ਼ਾ ਪਾਕਿਸਤਾਨੀ
Roohafza Pakistani
850 gms
$3.99
ਵੇਰਕਾ ਦੇਸੀ ਘਿਓ
Verka Desi Ghee
3.5 lbs
$23.99
*while supply last
Open 7 Days a Week
8:30 am to 9:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323


ਫਲੀਟਵੁੱਡ-ਪੋਰਟ ਕੈਲਸ ਤੋਂ
ਕਨਜ਼ਰਵੇਟਿਵ ਪਾਰਟੀ ਦੇ ਉਮੀਦਵਾਰ
ਸੁੱਖ ਪੰਧੇਰ ਨੂੰ ਆਪਣੀ ਕੀਮਤੀ ਵੋਟ ਪਾ ਕੇ ਜਿਤਾਓ
WELCOME YOUR
FLEETWOOD—PORT KELLS
CANDIDATE
SUKH
PANDHER
FLEETWOOD—PORT KELLS
PIERRE
BRING IT HOME
POILIEVRE
AUTHORIZED BY THE CHIEF AGENT OF THE CONSERVATIVE PARTY OF CANADA

# ਜਰਨੈਲ ਸਿੰਘ ਭਿੰਡਰਾਂਵਾਲੇ ਨੂੰ 'ਅੱਤਵਾਦੀ' ਮੰਨਣ ਵਾਲੀ ਭਾਜਪਾ ਦੀ ਹਰਨਾਮ ਸਿੰਘ ਧੁੰਮਾ ਨਾਲ ਨੇੜਤਾ ਦੇ ਮਾਅਨੇ ਕੀ?



ਬੀਬੀਸੀ(ਸੁਰਿੰਦਰ ਸਿੰਘ ਮਾਨ):ਦਮਦਮੀ ਟਕਸਾਲ ਦੀ ਭਾਰਤੀ ਜਨਤਾ ਪਾਰਟੀ ਨਾਲ 'ਇਕਸੁਰਤਾ ਅਤੇ ਸਾਂਝੀਆਂ ਗਤੀਵਿਧੀਆਂ' ਨੇ ਪੰਥਕ ਅਤੇ ਸਿਆਸੀ ਹਲਕਿਆਂ ਵਿੱਚ ਗੰਭੀਰ ਚਰਚਾ ਛੇੜ ਦਿੱਤੀ ਹੈ।

ਇੱਕ ਪਾਸੇ, ਮਹਾਰਾਸ਼ਟਰ ਵਿੱਚ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾਂ, ਸੂਬੇ ਦੇ ਭਾਜਪਾਈ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਮੰਚ ਸਾਂਝੇ ਕਰ ਰਹੇ ਹਨ। ਉੱਥੇ ਦੂਜੇ ਪਾਸੇ, ਇੱਕ ਸਮੇਂ ਦਮਦਮੀ ਟਕਸਾਲ ਦੇ ਮੁਖੀ ਰਹੇ ਜਰਨੈਲ ਸਿੰਘ ਭਿੰਡਰਾਵਾਲੇ ਨੂੰ ਭਾਜਪਾ ਦੇ ਆਗੂ 'ਅੱਤਵਾਦੀ' ਕਰਾਰ ਦੇ ਰਹੇ ਹਨ। ਪਿਛਲੇ ਦਿਨੀਂ ਹਿਮਾਚਲ ਪ੍ਰਦੇਸ਼ ਦੀ ਭਾਜਪਾ ਇਕਾਈ ਦੇ ਆਗੂਆਂ ਨੇ ਜਰਨੈਲ ਸਿੰਘ ਭਿੰਡਰਾਵਾਲੇ ਨੂੰ 'ਅੱਤਵਾਦੀ' ਦੱਸਦਿਆਂ ਉਨ੍ਹਾਂ ਦੀਆਂ ਫੋਟੋਆਂ ਵਾਲੇ ਝੰਡੇ ਲਗਾ ਕੇ ਪੰਜਾਬ ਤੋਂ ਆਉਣ ਵਾਲੇ ਨੌਜਵਾਨਾਂ ਨੂੰ ਅਮਨ ਕਾਨੂੰਨ ਲਈ ਖ਼ਤਰਾ ਦੱਸਿਆ ਸੀ, ਜੋ ਦੋਵਾਂ ਸੂਬਿਆਂ ਵਿੱਚ ਤਣਾਅ ਦਾ ਕਾਰਨ ਬਣ ਗਿਆ ਸੀ। ਭਾਰਤ ਦੀ ਲੋਕ ਸਭਾ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਲੰਘੀ 21 ਮਾਰਚ ਨੂੰ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਬਾਰੇ ਟਿੱਪਣੀ ਕਰਦਿਆਂ, ਉਨ੍ਹਾਂ ਦੀ ਤੁਲਨਾ ਜਰਨੈਲ ਸਿੰਘ ਭਿੰਡਰਾਵਾਲੇ ਨਾਲ ਕੀਤੀ ਸੀ। ਇਸ ਤੋਂ ਬਾਅਦ ਵੱਖ-ਵੱਖ ਪੰਥਕ ਸ਼ਖ਼ਸ਼ੀਅਤਾਂ ਨੇ ਅਮਿਤ ਸ਼ਾਹ ਦੀ ਲੋਕ ਸਭਾ ਵਿੱਚ ਕੀਤੀ ਗਈ ਇਸ ਟਿੱਪਣੀ ਦੀ ਕਰੜੀ ਨਿਖੇਧੀ ਕੀਤੀ ਸੀ।

ਜੂਨ 1984 ਦੌਰਾਨ ਭਾਰਤੀ ਫੌਜ ਨੇ ਜਰਨੈਲ ਸਿੰਘ ਭਿੰਡਰਾਵਾਲਾ ਤੇ ਉਨ੍ਹਾਂ ਦੇ ਸਾਥੀਆਂ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਬਾਹਰ ਕੱਢਣ ਦੇ ਨਾਂ ਉੱਤੇ ਫੌਜੀ ਕਾਰਵਾਈ ਕੀਤੀ ਸੀ ਜਿਸ ਵਿੱਚ ਉਨ੍ਹਾਂ ਨੇ ਸ਼ਹਾਦਤ ਪ੍ਰਾਪਤ ਕੀਤੀ। ਸਿੱਖਾਂ ਦੀ ਸਿਰਮੌਰ ਸੰਸਥਾ ਅਕਾਲ ਤਖ਼ਤ ਸਾਹਿਬ ਤੋਂ ਜਰਨੈਲ ਸਿੰਘ ਭਿੰਡਰਾਵਾਲੇ ਨੂੰ ''ਸ਼ਹੀਦ'' ਐਲਾਨਿਆ ਗਿਆ, ਜਦਕਿ ਭਾਰਤੀ ਜਨਤਾ ਪਾਰਟੀ ਉਨ੍ਹਾਂ ਨੂੰ 'ਅੱਤਵਾਦੀ' ਵੀ ਕਹਿ ਚੁੱਕੀ ਹੈ।

ਦਮਦਮੀ ਟਕਸਾਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਭਾਜਪਾ ਉੱਪਰ ਕੁਝ ਪੰਥਕ ਆਗੂਆਂ ਨੂੰ 'ਮੋਹਰਾ' ਬਣਾ ਕੇ ਅਕਾਲੀ ਦਲ ਨੂੰ ਖ਼ਤਮ ਕਰਨ ਦੀ ਸਾਜਿਸ਼ ਰਚਣ ਦਾ ਇਲਜ਼ਾਮ ਲਾਇਆ ਹੈ। ਪੰਜਾਬ ਦੇ ਸਿਆਸੀ ਗਲਿਆਰਿਆਂ ਵਿੱਚ ਇਹ ਕਿਆਸ-ਅਰਾਈਆਂ ਵੀ ਸ਼ੁਰੂ ਹੋ ਗਈਆਂ ਹਨ ਕਿ ਆਖ਼ਰਕਾਰ ਹਰਨਾਮ ਸਿੰਘ ਧੁੰਮਾਂ ਦੀ ਭਾਜਪਾ ਨਾਲ ਵਧੀ 'ਨੇੜਤਾ' ਦੇ ਸਿਆਸੀ ਮਾਅਨੇ ਕੀ ਹਨ।

ਪੰਥਕ ਹਲਕਿਆਂ ਵਿੱਚ ਇਹ ਸਵਾਲ ਕੀਤਾ ਜਾ ਰਿਹਾ ਹੈ ਕਿ ਜਿਹੜੀ ਦਮਦਮੀ ਟਕਸਾਲ ਅਕਾਲ ਤਖ਼ਤ ਉੱਤੇ ਫੌਜੀ ਕਾਰਵਾਈ ਲਈ ਭਾਜਪਾ ਨੂੰ ਵੀ ਜ਼ਿੰਮੇਵਾਰ ਦੱਸਦੀ ਰਹੀ ਹੈ, ਆਖ਼ਰਕਾਰ ਹਰਨਾਮ ਸਿੰਘ ਧੁੰਮਾਂ ਵੱਲੋਂ ਉਸ ਭਾਜਪਾ ਨੂੰ ਸਮਰਥਨ ਦੇਣ ਦੀ ਕੀ ਮਜਬੂਰੀ ਹੈ। ਹਰਨਾਮ ਸਿੰਘ ਧੁੰਮਾਂ ਮਹਾਰਾਸ਼ਟਰ ਵਿੱਚ ਭਾਜਪਾ ਨੂੰ ਸਮਰਥਨ ਦੇ ਰਹੇ ਹਨ, ਪੰਜਾਬ ਵਿੱਚ ਉਹ ਅਕਾਲੀ ਦਲ ਦੀਆਂ ਪੰਥਕ ਵਿਰੋਧੀ ਧਿਰਾਂ ਦਾ ਸਾਥ ਦੇ ਰਹੇ ਹਨ।

ਅਕਾਲੀ ਦਲ, ਮਾਹਰਾਸ਼ਟਰ ਵਿੱਚ ਹਰਨਾਮ ਸਿੰਘ ਧੁੰਮਾਂ ਦੀਆਂ ਭਾਜਪਾ ਨਾਲ ਸਾਂਝ ਅਤੇ ਪੰਜਾਬ ਵਿੱਚ ਤਖ਼ਤਾਂ ਤੋਂ ਹਟਾਏ ਗਏ ਜਥੇਦਾਰਾਂ ਨੂੰ ਇੱਕੋ ਕੜੀ ਨਾਲ ਜੋੜ ਰਿਹਾ ਹੈ।

ਸੁਖਬੀਰ ਬਾਦਲ ਇਸ ਸਭ ਨੂੰ 'ਕੇਂਦਰ ਦੀ ਸਾਜਿਸ਼' ਦਾ ਹਿੱਸਾ ਦੱਸਦੇ ਹਨ। ਇਸ ਵੇਲੇ ਦਮਦਮੀ ਟਕਸਾਲ ਦੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਸਾਹਿਬ ਹੈ। ਇਹ ਗੁਰਦੁਆਰਾ ਸਾਹਿਬ ਅੰਮ੍ਰਿਤਸਰ ਤੋਂ 40 ਕਿਲੋਮੀਟਰ ਦੂਰ ਉੱਤਰ ਦੀ ਦਿਸ਼ਾ ਵਾਲੇ ਪਾਸੇ ਵਸੇ ਕਸਬਾ ਮਹਿਤਾ ਵਿੱਚ ਸਥਿਤ ਹੈ। ਸਿੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਦਮਦਮੀ ਟਕਸਾਲ ਆਪਣੀ ਸਥਾਪਨਾ ਤੋਂ ਲੈ ਕੇ ਕਦੇ ਵੀ ਕਿਸੇ ਸਿਆਸੀ ਦਲ ਦੀ ਜ਼ਾਹਰੀ ਤੌਰ 'ਤੇ ਸਮਰਥਕ ਨਹੀਂ ਰਹੀ ਹੈ। ਦਮਦਮੀ ਟਕਸਾਲ ਦੀ ਸਿਆਸੀ ਸੋਚ ਪੰਥਕ ਧਿਰਾਂ ਨਾਲ ਜੁੜੀ ਰਹੀ ਹੈ ਅਤੇ ਇਹ ਪੰਜਾਬ ਦੇ ਮੁੱਦਿਆਂ ਉੱਤੇ ਲੱਗਣ ਵਾਲੇ ਕਈ ਸਿਆਸੀ ਮੋਰਚਿਆਂ ਵਿੱਚ ਅੱਗੇ ਹੋ ਕੇ ਰੋਲ ਨਿਭਾਉਂਦੀ ਰਹੀ ਹੈ।

ਪਰ ਟਕਸਾਲ ਦੇ ਮੌਜੂਦਾ ਮੁਖੀ ਹਰਨਾਮ ਸਿੰਘ ਧੁੰਮਾਂ ਵੱਲੋਂ ਹੁਣ ਭਾਰਤੀ ਜਨਤਾ ਪਾਰਟੀ ਦਾ ਕੁਝ ਥਾਵਾਂ ਉੱਤੇ ਖੁੱਲ੍ਹ ਕੇ ਸਮਰਥਨ ਕਰਨ ਨਾਲ ਇਹ ਤਸਵੀਰ ਬਦਲਦੀ ਨਜ਼ਰ ਆ ਰਹੀ ਹੈ। ਕਈ ਪੰਥਕ ਮਾਹਰ ਮੰਨਦੇ ਹਨ ਕਿ ਇਸ ਤਸਵੀਰ ਦੇ ਆਉਣ ਵਾਲੇ ਸਮੇਂ ਵਿੱਚ ਕੀ ਸਿਆਸੀ ਸਿੱਟੇ ਨਿਕਲਦੇ ਹਨ ਅਤੇ ਪੰਜਾਬ ਦੀ ਸਿਆਸੀ ਤਸਵੀਰ ਬਦਲਦੀ ਹੈ ਜਾਂ ਨਹੀਂ, ਇਹ ਤਾਂ ਸਮਾਂ ਹੀ ਦੱਸ ਸਕੇਗਾ।

# ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਬੀਬੀ ਜਗੀਰ ਕੌਰ ਦੀ ਕੀਤੀ ਤਰੀਫ਼



ਨਡਾਲਾ:ਨਡਾਲਾ ਦੇ ਪਰਮੇਸ਼ਰ ਦੁਆਰ ਗੁਰਦੁਆਰਾ ਸਾਹਿਬ 'ਚ ਇਕ ਸਮਾਗਮ ਦੌਰਾਨ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਬੀਬੀ ਜਗੀਰ ਕੌਰ ਦੀ ਤਰੀਫ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਇਕ ਅੰਮ੍ਰਿਤਧਾਰੀ ਬੀਬੀ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੋਣਾ ਤੇ ਇੰਨੇ ਵੱਡੇ ਅਹੁਦੇ 'ਤੇ ਜਾਣਾ ਮਾਣ ਵਾਲੀ ਗੱਲ ਹੈ।

ਢੱਡਰੀਆਂ ਵਾਲਿਆਂ ਨੇ ਕਿਹਾ 'ਮੈਂ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਸੀ ਕਿ ਤੁਹਾਨੂੰ ਬੀਬੀ ਨੂੰ ਪ੍ਰਧਾਨ ਦੇ ਅਹੁਦੇ ਤੋਂ ਨਹੀਂ ਲਾਹੁਣਾ ਚਾਹੀਦਾ ਸੀ। ਜਿੰਨੇ ਲੋਕਾਂ ਨੂੰ ਤੁਹਾਡੇ ਨਾਲ ਜਿਹੜਾ ਇਨ੍ਹਾਂ ਨੇ ਜੋੜਨਾ ਉਹ ਕਿਸੇ ਹੋਰ ਤੋਂ ਨਹੀਂ ਹੋਣਾ। ਕਿਉਂਕਿ ਇਨ੍ਹਾਂ ਕੋਲ ਬੋਲਣ ਦਾ ਵਧੀਆ ਗੁਣ ਹੈ। ਜੋ ਕਿਸੇ-ਕਿਸੇ 'ਚ ਹੁੰਦਾ ਹੈ।' ਉਨ੍ਹਾਂ ਕਿਹਾ ਕਿ ਜੇ ਸੁਖਬੀਰ ਸਿੰਘ ਬਾਦਲ ਮੇਰੀ ਗੱਲ ਸੁਣਦੇ ਹੋਣ ਤਾਂ ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ਿੰਮੇਵਾਰੀ ਵਜੋਂ ਮੁੜ ਪ੍ਰਧਾਨ ਲਗਾ ਦੇਣ। ਬੀਬੀ ਜਗੀਰ ਕੌਰ ਨੇ ਹਮੇਸ਼ਾ ਹੀ ਨਿਡਰਤਾ ਅਤੇ ਕੌਮ ਦੇ ਹਿੱਤ ਦੀ ਗੱਲ ਕੀਤੀ ਹੈ।


BADH
Accounting Services
26 Years Experience in Accounting



* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh

Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਸਿੱਖ ਜਗਤ ਸਾਬਕਾ ਪ੍ਰਧਾਨ ਮੰਤਰੀ ਟਰੂਡੋ ਦਾ ਸਦਾ ਰਿਣੀ ਰਹੇਗਾ:ਭਾਈ ਰਣਜੀਤ ਸਿੰਘ ਖਾਲਸਾ



ਸਰੀ-ਸਰੀ ਨਗਰ ਕੀਰਤਨ ਦਾ ਸਿੱਖ ਕੈਲੰਡਰ ਵਿੱਚ ਇੱਕ ਮਹੱਤਵਪੂਰਨ ਸਥਾਨ ਹੈ ਜੋ ਕਿ ਵਿਸਾਖੀ ਦੇ ਸਭ ਤੋਂ ਵੱਡੇ ਅਯੋਜਨਾਂ ਵਿੱਚੋਂ ਇੱਕ ਹੈ, ਜਿੱਥੇ ਲੱਖਾਂ ਹੀ ਸ਼ਰਧਾਲੂ ਇਕੱਠੇ ਹੋ ਕੇ ਆਪਣੇ ਧਰਮ ਅਤੇ ਸਭਿਆਚਾਰ ਨੂੰ ਮਾਣਦੇ ਹਨ। ਇਹ ਨਗਰ ਕੀਰਤਨ ਰਾਜਨੀਤਿਕ ਪੱਖ ਤੋਂ ਵੀ ਬੜਾ ਮਹੱਤਵਪੂਰਨ ਰਹਿੰਦਾ ਹੈ ਕਿਉਂਕਿ ਕੈਨੇਡਾ ਦੀਆਂ ਸਾਰੀਆਂ ਹੀ ਵੱਡੀਆਂ ਰਾਜਨੀਤਿਕ ਹਸਤੀਆਂ ਇਸ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਦੀਆਂ ਹਨ ਅਤੇ ਲੋਕਾਂ ਦੇ ਅੰਗ ਸੰਗ ਹੋਣ ਦਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਵਾਰ ਸਰੀ ਨਗਰ ਕੀਰਤਨ ਵਿਚ ਇੱਕ ਵਿਲੱਖਣ ਘਟਨਾਕ੍ਰਮ ਹੋਇਆ ਜਦੋਂ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸਿੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਪੁਰਸਕਾਰ ਨਾਲ ਸਨਮਾਨ ਦਿੱਤਾ ਗਿਆ।ਇਸ ਸਨਮਾਨ ਸਬੰਧੀ ਸਿੱਖ ਆਗੂ ਭਾਈ ਰਣਜੀਤ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਜਸਟਿਨ ਟਰੂਡੋ ਦਾ ਨਾਮ ਸਿੱਖ ਜਗਤ ਵਿੱਚ ਹਮੇਸ਼ਾ ਨਵਾਬ ਸ਼ੇਰ ਮੁਹੰਮਦ ਖਾਨ ਦੀ ਤਰ੍ਹਾਂ ਸਤਿਕਾਰ ਨਾਲ ਲਿਆ ਜਾਵੇਗਾ ਜਿਨ੍ਹਾਂ ਛੋਟੇ ਸਾਹਿਬਜ਼ਾਦਿਆਂ ਤੋਂ ਗੁਰੂ ਗੋਬਿੰਦ ਸਿੰਘ ਹੱਥੋਂ ਜੰਗ ਚ ਮਾਰੇ ਆਪਣੇ ਭਰਾਵਾਂ ਦਾ ਬਦਲਾ ਲੈਣ ਲਈ ਸੂਬਾ ਸਰਹੰਦ ਦੀ ਪੇਸ਼ਕਸ਼ ਨੂੰ ਠੁਕਰਾਉਂਦਿਆਂ ਇਹ ਕਹਿਕੇ ਹਾਅ ਦਾ ਨਾਅਰਾ ਮਾਰਿਆ ਸੀ ਕਿ ਬਾਪ ਦੇ ਗੁਨਾਹ ਦਾ ਬਦਲਾ ਬੱਚਿਆਂ ਤੋਂ ਲੈਣਾ ਦੀਨ ਦੇ ਉਲਟ ਹੈ ਅਤੇ ਨਵਾਬ ਸ਼ੇਰ ਮੁਹੰਮਦ ਖਾਨ ਦੀ ਤਰ੍ਹਾਂ ਹੀ ਜਸਟਿਨ ਟਰੂਡੋ ਨੇ ਸਿੱਖਾਂ ਦੇ ਹੱਕ ਵਿੱਚ ਉਦੋਂ ਹਾਅ ਦਾ ਨਾਅਰਾ ਮਾਰਿਆ ਸੀ ਜਦੋਂ ਉਹਨਾਂ ਨੇ ਕੈਨੇਡਾ ਦੀ ਪਾਰਲੀਮੈਂਟ ਦੇ ਵਿੱਚ ਖੜ੍ਹ ਕੇ ਭਾਰਤ ਦੀ ਸਰਕਾਰ ਉੱਤੇ ਇਹ ਇਲਜ਼ਾਮ ਲਗਾਏ ਸਨ ਕਿ ਭਾਈ ਹਰਦੀਪ ਸਿੰਘ ਨਿੱਝਰ ਦੇ ਸਰੀ ਵਿਖੇ ਹੋਏ ਕਤਲ ਪਿੱਛੇ ਭਾਰਤੀ ਏਜੰਟਾਂ ਦਾ ਹੱਥ ਹੋਣ ਦੀ ਸੂਚਨਾ ਉਹਨਾਂ ਦੇ ਕੋਲ ਹੈ। ਉਹਨਾਂ ਹੋਰ ਕਿਹਾ ਕਿ ਜਸਟਿਨ ਟਰੂਡੋ ਦੀ ਕੈਨੇਡੀਅਨ ਸਿੱਖ ਸਫ਼ਾਂ ਚ ਪਛਾਣ ਇਸ ਕਦਰ ਗੂੜ੍ਹੀ ਹੋ ਚੁੱਕੀ ਹੈ ਕਿ ਜੇ ਟਰੂਡੋ ਮੁੜ ਤੋਂ ਸਿਆਸਤ ਵਿਚ ਸਰਗਰਮ ਹੋਣ ਤਾਂ ਸਿੱਖ ਜਗਤ ਉਨ੍ਹਾਂ ਨੂੰ ਕੋਈ ਵੀ ਲੀਡਰਸ਼ਿਪ ਦੌੜ ਹਾਰਨ ਨਹੀਂ ਦੇਵੇਗਾ ਕਿਉਂਕਿ ਸਿੱਖ ਪੰਥ ਨੂੰ ਟਰੂਡੋ ਦੇ ਇਸ ਅਹਿਸਾਨ ਨੂੰ ਕਦੇ ਵੀ ਭੁਲਾ ਨਹੀਂ ਸਕਦਾ ਜਦੋਂ ਉਹ ਇੱਕ ਧਿਰ ਬਣ ਕੇ ਸਿੱਖਾਂ ਦੇ ਨਾਲ ਖਲੋਤੇ ਸਨ। ਸਿੱਖ ਜਗਤ ਹਮੇਸ਼ਾ ਹੀ ਜਸਟਿਨ ਟਰੂਡੋ ਦਾ ਰਿਣੀ ਰਹੇਗਾ।

# ਭਾਈ ਅੰਮ੍ਰਿਤਪਾਲ ਸਿੰਘ 'ਤੇ ਲਗਾਈ ਐਨਐਸਏ ਤੁਰੰਤ ਹਟਾਵੇ ਸਰਕਾਰ:ਐਡਵੋਕੇਟ ਧਾਮੀ

ਨਵੀਂ ਦਿੱਲੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਫ਼ਰਸਤੁੱਤੇ ਲਗਾਏ ਗਏ ਨੈਸ਼ਨਲ ਸੁਰੱਖਿਆ ਐਕਟ ਦੀ ਮਿਆਦ ਵਿੱਚ ਸਰਕਾਰ ਵੱਲੋਂ ਇੱਕ ਸਾਲ ਦਾ ਹੋਰ ਵਾਧਾ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਤੁਰੰਤ ਹਟਾਉਣ ਲਈ ਕਿਹਾ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਦਾ ਇਹ ਕਦਮ ਉਸ ਨੂੰ ਅਦਾਲਤੀ ਪ੍ਰਕਿਰਿਆ ਤੋਂ ਦੂਰ ਰੱਖ ਕੇ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਨੇ ਕੋਈ ਅਜਿਹਾ ਗੁਨਾਹ ਨਹੀਂ ਕੀਤਾ ਕਿ ਉਸ ਨੂੰ ਦੇਸ਼ ਵਿਰੋਧੀ ਗਰਦਾਨ ਕੇ ਸੂਬੇ ਤੋਂ ਬਾਹਰ ਹਜ਼ਾਰਾਂ ਕਿਲੋਮੀਟਰ ਦੂਰ ਜੇਲ੍ਹ ਵਿਚ ਬੰਦ ਰੱਖਿਆ ਜਾਵੇ। ਇਹ ਮਨੁੱਖੀ ਅਧਿਕਾਰਾਂ ਦੇ ਮੱਦੇਨਜ਼ਰ ਉਚਿਤ ਕਾਰਵਾਈ ਨਹੀਂ ਹੈ।ਉਨ੍ਹਾਂ ਪੰਜਾਬ ਸਰਕਾਰ ਨੂੰ ਕਿਹਾ ਕਿ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਭਾਈ ਅੰਮ੍ਰਿਤਪਾਲ ਸਿੰਘ 'ਤੇ ਲਗਾਈ ਗਈ ਐਨਐਸਏ ਤੁਰੰਤ ਖ਼ਤਮ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਨਿਰਪੱਖ ਅਦਾਲਤੀ ਪ੍ਰਕਿਰਿਆ ਦਾ ਮੌਕਾ ਦਿੱਤਾ ਜਾਵੇ।


SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday





Punjab TRAVELS






ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।





ਜੀਵਨ ਸਿੰਘ ਮੋਗਾ
- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਜਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ
- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa
OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਅੰਮ੍ਰਿਤਪਾਲ ਸਿੰਘ ਉੱਤੇ ਲੱਗਾ ਐੱਨਐੱਸਏ ਭਾਰਤੀ ਲੋਕਤੰਤਰ ‘ਤੇ ਧੱਬਾ



ਅੰਮ੍ਰਿਤਸਰ:-ਪੰਜਾਬ ਸਰਕਾਰ ਵੱਲੋਂ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਖਿਲਾਫ਼ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨਐੱਸਏ) ਨੂੰ ਇੱਕ ਹੋਰ ਸਾਲ ਲਈ ਵਧਾ ਦਿੱਤਾ ਗਿਆ ਹੈ।ਦਰਅਸਲ, ਅਮ੍ਰਿਤਪਾਲ ਸਿੰਘ ਖ਼ਿਲਾਫ਼ ਸਾਲ 2023 ਵਿੱਚ ਐੱਨਐੱਸਏ ਲਗਾਇਆ ਗਿਆ ਸੀ ਜਿਸ ਨੂੰ ਸਾਲ 2024 ਵਿੱਚ ਇੱਕ ਸਾਲ ਲਈ ਵਧਾ ਦਿੱਤਾ ਗਿਆ ਸੀ।ਹੁਣ ਸਾਲ 2025 ਵਿੱਚ ਵੀ ਇਸ ਨੂੰ ਇੱਕ ਹੋਰ ਸਾਲ ਵਧਾ ਦਿੱਤਾ ਗਿਆ ਹੈ ਅਤੇ ਇਸ ਫੈਸਲੇ ਉੱਤੇ ਅਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਸਖ਼ਤ ਸ਼ਬਦਾਂ ਵਿੱਚ ਇਤਰਾਜ਼ ਜਤਾਇਆ ਹੈ।ਇਸ ਬਾਰੇ ਵਧੇਰੇ ਜਾਣਕਾਰੀ ਲਈ ਉਨ੍ਹਾਂ ਦੇ ਪਿਤਾ ਤਰਸੇਮ ਸਿੰਘ ਨੇ ਇੱਕ ਪ੍ਰੈੱਸ ਕਾਨਫਰੰਸ ਕੀਤੀ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਲੋਕਤੰਤਰ ਵਿੱਚ ਅਜਿਹੇ ਕਾਲੇ ਕਾਨੂੰਨਾਂ ਲਈ ਕੋਈ ਥਾਂ ਨਹੀਂ ਹੈ।

ਉਨ੍ਹਾਂ ਕਿਹਾ, “ਹੁਣ ਫਿਰ ਤੀਜੀ ਵਾਰ ਇਸ ਨੂੰ ਵਧਾਉਣਾ ਮੈਨੂੰ ਲੱਗਦਾ ਹੈ ਕਿ ਲੋਕਤੰਤਰ ਤੇ ਇਹ ਬਹੁਤ ਵੱਡਾ ਦਾਗ਼ ਹੈ ਅਤੇ ਲੋਕਤੰਤਰ ਦਾ ਮਖੌਟਾ ਪਾ ਕੇਵ ਕੀਤਾ ਗਿਆ ਇਹ ਤਾਨਾਸ਼ਾਹੀ ਵਤੀਰਾ ਹੈ।ਉਨ੍ਹਾਂ ਨੇ ਕਿਹਾ, “ਇੱਕ ਕੌਮ ਨੂੰ ਦਬਾਉਣ ਲਈ ਅਤੇ ਉਸ ਦੀ ਸੋਚ ਨੂੰ ਦਬਾਉਣ ਵਾਸਤੇ, ਉਸ ਤੇ ਜਿੰਨਾਂ ਮਰਜ਼ੀ ਜ਼ੁਲਮ ਕੀਤਾ ਜਾਵੇ, ਉੱਥੇ ਕਿਸੇ ਕਾਨੂੰਨ ਦੀ ਕੋਈ ਪਰਵਾਹ ਨਹੀਂ ਹੈ। ਇਹ ਕਹਿੰਦੇ ਹਨ ਕਿ ਲੋਕ ਕਾਨੂੰਨ ਨਹੀਂ ਮੰਨਦੇ ਤੇ ਜੇ ਲੋਕ ਕਾਨੂੰਨ ਮੰਨਦੇ ਹਨ ਤਾਂ ਸਰਕਾਰ ਕਾਨੂੰਨੀ ਧੱਜੀਆਂ ਉਡਾ ਕੇ ਲੋਕਾਂ ਨੂੰ ਮਜਬੂਰ ਕਰਦੀ ਹੈ।“

ਤਰਸੇਮ ਸਿੰਘ ਨੇ ਅੱਗੇ ਕਿਹਾ, “ਅਮ੍ਰਿਤਪਾਲ ਸਿੰਘ ਹੁਣ ਲੋਕ ਸਭਾ ਦੀ ਚੋਣ ਲੜ ਕੇ ਅਤੇ ਲੋਕ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕ ਕੇ ਆਪਣੇ ਲੋਕਾਂ ਦੀ ਆਵਾਜ਼ ਉੱਥੇ ਰੱਖਣੀ ਚਾਹੁੰਦਾ ਹੈ ਤਾਂ ਉਸ ਨੂੰ ਰੋਕਿਆ ਜਾ ਰਿਹਾ ਹੈ।ਆਪਣੀ ਕੌਮ ਤੇ ਤਸ਼ੱਦਦ ਹੋ ਰਿਹਾ ਹੈ ਜਾਂ ਸਾਡੇ ਪੰਜਾਬ ਨਾਲ ਧੱਕੇ ਹੋ ਰਹੇ ਹਨ, ਉਸ ਖ਼ਿਲਾਫ਼ ਕੋਈ ਗੱਲ ਨਾ ਕਰ ਸਕੇ ਇਸ ਕਰਕੇ ਲੋਕਤੰਤਰ, ਸੰਵਿਧਾਨ, ਕਾਨੂੰਨ-ਕਾਇਦਿਆਂ ਤੋਂ ਬਾਹਰ ਜਾ ਕੇ ਸਭ ਕੁਝ ਕੀਤਾ ਜਾ ਰਿਹਾ ਹੈ।“

ਉਨ੍ਹਾਂ ਨੇ ਅੱਗੇ ਕਿਹਾ, “ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬਿਆਨਾਂ ਵਿੱਚ ਸਿੱਖਾਂ ਪ੍ਰਤੀ ਜਾਂ ਘੱਟ ਗਿਣਤੀਆਂ ਪ੍ਰਤੀ ਉਨ੍ਹਾਂ ਦੇ ਮਨ ਵਿੱਚ ਬਹੁਤ ਨਫ਼ਰਤ ਹੈ ਤੇ ਉਸ ਦੇ ਨਾਲ ਪੰਜਾਬ ਸਰਕਾਰ ਹਾਂ ‘ਚ ਹਾਂ ਮਿਲਾ ਰਹੀ ਹੈ। ਉਨ੍ਹਾਂ ਨੂੰ ਕਿਸੇ ਕਾਨੂੰਨ-ਕਾਇਦੇ ਦੀ ਕੋਈ ਪਰਵਾਹ ਨਹੀਂ, ਕਈ ਹੋਰ ਕੰਮ ਕਰਨ ਵਾਲੇ ਹਨ ਉਨ੍ਹਾਂ ਵੱਲ ਕਿਸੇ ਦਾ ਕੋਈ ਧਿਆਨ ਨਹੀਂ ਤੇ ਇੱਥੋਂ ਦੀ ਜਿਹੜੀ ਵੀ ਸਮੱਸਿਆ ਹੈ, ਉਹ ਅਮ੍ਰਿਤਪਾਲ ਦੇ ਸਿਰ ਮੜਨਾ ਚਾਹੁੰਦੀ ਹੈ।“ ”ਕਿਉਂਕਿ ਉਨ੍ਹਾਂ ਨੂੰ ਦੋ ਸਾਲ ਤੋਂ ਵੱਧ ਸਮਾਂ ਜੇਲ੍ਹ ਵਿੱਚ ਹੋ ਗਿਆ ਤੇ ਉਸ ਦੇ ਨਾਮ ਤੇ ਹੀ ਲੋਕਾਂ ਨੂੰ ਡਰਾ ਕੇ ਅਤੇ ਧਮਕਾ ਕੇ ਆਪਣੇ ਪੱਖ ਵਿੱਚ ਕਰਨ ਦੀ ਇਹ ਕੋਸ਼ਿਸ਼ ਹੈ। ਲੋਕਾਂ ਨੂੰ ਗ਼ਲਤ ਰਸਤਾ ਅਪਨਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਕਰਕੇ ਅਸੀਂ ਇਸ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ।“ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਨਿਸ਼ਾਨਾ ਸਾਧਦਿਆਂ ਕਿਹਾ, “ਜੇ ਅਮ੍ਰਿਤਪਾਲ ਸਿੰਘ ਦੇ ਇੱਥੇ ਨਾ ਰਹਿਣ ਨਾਲ ਇੱਥੇ ਅਮਨ-ਕਾਨੂੰਨ ਬਹਾਲ ਰਹਿੰਦਾ ਤਾਂ ਫਿਰ ਵੀ ਕੋਈ ਵਿਸ਼ਵਾਸ਼ ਕੀਤਾ ਜਾ ਸਕਦਾ ਸੀ।“

ਅਮ੍ਰਿਤਪਾਲ ਸਿੰਘ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਹਨ, ਉਹ ਸਿੱਖਾਂ ਲਈ ਖੁਦਮੁਖਤਿਆਰ ਰਾਜ (ਖਾਲਿਸਤਾਨ) ਦੀ ਪ੍ਰਾਪਤੀ ਨੂੰ ਆਪਣਾ ਨਿਸ਼ਾਨਾ ਦੱਸਦੇ ਹਨ।ਕਈ ਸਾਲ ਦੁਬਈ ਰਹਿਣ ਤੋਂ ਬਾਅਦ ਪਿਛਲੇ ਸਾਲ ਅਗਸਤ ਮਹੀਨੇ ਪੰਜਾਬ ਵਿੱਚ ਵਾਪਸ ਆਏ ਅਤੇ ਉਨ੍ਹਾਂ ਅਮ੍ਰਿਤ ਸੰਚਾਰ ਅਤੇ ਨਸ਼ਾ ਛੁਡਾਊ ਲਹਿਰ ਦੇ ਨਾਂ ਉੱਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾਂ ਸ਼ੁਰੂ ਕੀਤਾ।ਪਰ ਉਹ ਆਪਣੇ ਗਰਮਸੁਰ ਵਾਲੇ ਭਾਸ਼ਣਾ ਅਤੇ ਗੁਰਦੁਆਰਿਆਂ ਵਿਚਲੇ ਬੈਂਚ ਸਾੜਨ ਤੇ ਅਜਨਾਲਾ ਥਾਣੇ ਅੱਗੇ ਹੋਈ ਹਿੰਸਾ ਕਾਰਨ ਵਿਵਾਦਾਂ ਵਿੱਚ ਆ ਗਏ।

ਕੇਂਦਰ ਜਾਂ ਸੂਬਾ ਸਰਕਾਰ ਨੂੰ ਜੇਕਰ ਲੱਗੇ ਕਿ ਕੋਈ ਵਿਅਕਤੀ ਦੇਸ਼ ਦੇ ਦੂਸਰੇ ਦੇਸ਼ਾਂ ਨਾਲ ਸਬੰਧਾਂ ਲਈ ਖਤਰਾ ਹੈ ਤਾਂ ਇਸ ਕਾਨੂੰਨ ਦੀ ਵਰਤੋਂ ਹੋ ਸਕਦੀ ਹੈ।ਪੰਜਾਬ ਅਤੇ ਹਰਿਆਣਾ ਦੇ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਕਹਿੰਦੇ ਹਨ, “ਆਮ ਕੇਸਾਂ ਵਿੱਚ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ 24 ਘੰਟਿਆਂ ਅੰਦਰ ਅਦਾਲਤ ਵਿੱਚ ਪੇਸ਼ ਕਰਨਾ ਹੁੰਦਾ ਹੈ ਪਰ ਇਸ ਐਕਟ ਵਿੱਚ ਅਜਿਹਾ ਕੁਝ ਨਹੀਂ ਹੈ। ”ਰਾਜਵਿੰਦਰ ਸਿੰਘ ਬੈਂਸ ਦੱਸਦੇ ਹਨ ਕਿ, “ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ 5-7 ਦਿਨਾਂ ਅੰਦਰ ਉਸ ਦੀ ਹਿਰਾਸਤ ਦਾ ਅਧਾਰ ਦੱਸਣਾ ਹੁੰਦਾ ਹੈ। ਇਸ ਦੇ ਨਾਲ ਹੀ 3 ਮਹੀਨਿਆਂ ਬਾਅਦ ਜੇਕਰ ਹੋਰ ਸਮਾਂ ਜੇਲ੍ਹ ਵਿੱਚ ਰੱਖਣਾ ਹੈ ਤਾਂ ਇਸ ਦੀ ਸਲਾਹਕਾਰ ਬੋਰਡ ਤੋਂ ਮਨਜ਼ੂਰੀ ਲੈਣੀ ਹੁੰਦੀ ਹੈ। ”ਬੈਂਸ ਕਹਿੰਦੇ ਹਨ, “ਐੱਨਐੱਸਏ ਲੱਗਣ ਦੀ ਹਾਲਤ ਵਿੱਚ ਜ਼ਮਾਨਤ ਨਹੀਂ ਹੋ ਸਕਦੀ। ”ਉਹ ਦੱਸਦੇ ਹਨ, “ਅਜਿਹੇ ਕੇਸਾਂ ਵਿੱਚ ਗ੍ਰਿਫ਼ਤਾਰੀ ਦੇ ਖਿਲਾਫ਼ ਹਾਈ ਕੋਰਟ ਜਾਇਆ ਜਾ ਸਕਦਾ ਹੈ। ਕੋਰਟ ਵਿੱਚ ਹੈਬਸ ਕੋਰਪਸ ਪਾਇਆ ਜਾ ਸਕਦਾ ਹੈ।


OASIS WINDOWS LTD

OASIS WINDOWS clearly better windows

* Quality Products * Superior Service.

35+ Years in Business



Attractive, Energy Efficient And Quality Windows For Your Dream Home Or Housing Projects Or For Renovation

• VINYL WINDOWS • SLIDER DOORS
• GARDEN WINDOWS & SKYLIGHTS

ENERGY STAR

LIFE TIME Limited Warranty

FREE ESTIMATES    Financing Available (OAC)

Phone: (604) 597 - 5033
19025 52 Ave, Surrey, BC
www.oasiswindows.com

BBB



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*25 ਅਪ੍ਰੈਲ ਦਿਨ ਸ਼ੁੱਕਰਵਾਰ ਬੀਬੀ ਪਲਵਿੰਦਰ ਕੌਰ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 27 ਅਪ੍ਰੈਲ ਦਿਨ ਐਤਵਾਰ ਭੋਗ ਪਾਏ ਜਾਣਗੇ।

*25 ਅਪ੍ਰੈਲ ਦਿਨ ਸ਼ੁੱਕਰਵਾਰ ਹਰਮਿੰਦਰ ਸਿੰਘ ਜੌਹਲ ਅਤੇ ਪਰਮਜੀਤ ਜੌਹਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 27 ਅਪ੍ਰੈਲ ਦਿਨ ਐਤਵਾਰ ਭੋਗ ਪਾਏ ਜਾਣਗੇ।

*26 ਅਪ੍ਰੈਲ ਦਿਨ ਸ਼ਨਿੱਚਰਵਾਰ ਅਮਨਪ੍ਰੀਤ ਕੌਰ ਪਰਿਵਾਰ ਵੱਲੋਂ ਸ਼ਾਮ 4 ਵਜੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*27 ਅਪ੍ਰੈਲ ਦਿਨ ਐਤਵਾਰ ਸੁਰਜੀਤ ਸਿੰਘ ਗੋਸਲ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪੈਣਗੇ।

*2 ਮਈ ਦਿਨ ਸ਼ੁੱਕਰਵਾਰ ਮਨਪ੍ਰੀਤ ਕੌਰ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*3 ਮਈ ਦਿਨ ਸ਼ਨਿੱਚਰਵਾਰ ਬੱਚੀ ਸਿਮਰਨਜੀਤ ਕੌਰ ਅਤੇ ਕਾਕਾ ਦਿਲਪ੍ਰੀਤ ਸਿੰਘ ਦੇ ਅਨੰਦ ਕਾਰਜ ਹੋਣਗੇ।

*4 ਮਈ ਦਿਨ ਐਤਵਾਰ ਸੁਰਜੀਤ ਸਿੰਘ ਗੋਸਲ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪੈਣਗੇ।

*4 ਮਈ ਦਿਨ ਐਤਵਾਰ ਮਨਪ੍ਰੀਤ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*4 ਮਈ ਦਿਨ ਐਤਵਾਰ ਸ. ਚੂਹੜ ਸਿੰਘ ਸੰਧੂ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।








ਰਾਗੀ ਜੱਥਾ
ਭਾਈ ਗੁਰਧਿਆਨ ਸਿੰਘ
ਸੰਗਰੂਰ ਵਾਲੇ

ਕਥਾਵਾਚਕ
ਗਿਆਨੀ ਮਨਜੀਤ ਸਿੰਘ
ਮਸਤਾਨਾ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121    ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਭਾਈ ਅੰਮ੍ਰਿਤਪਾਲ ਸਿੰਘ ਦੀ ਐਨ.ਐਸ.ਏ ‘ਚ ਇਕ ਸਾਲ ਦਾ ਹੋਰ ਵਾਧਾ ਗੈਰ-ਕਾਨੂੰਨੀ ਅਤੇ ਨਿੰਦਣਯੋਗ:ਮਾਨ

ਪਟਿਆਲਾ(ਕੁਲਦੀਪ ਸਿੰਘ ਸ਼ੁਤਰਾਣਾ)-ਮੋਦੀ-ਸ਼ਾਹ ਹਕੂਮਤ ਦੀ ਸਹਿ ਉਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਬਿਨ੍ਹਾਂ ਕਿਸੇ ਆਧਾਰ ਤੇ ਸ. ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ 10 ਸਾਥੀਆ ਉਤੇ ਮੰਦਭਾਵਨਾ ਅਧੀਨ ਐਨ.ਐਸ.ਏ ਦਾ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਪੰਜਾਬ ਸੂਬੇ ਤੋ ਬਾਹਰ ਹਜਾਰਾਂ ਕਿਲੋਮੀਟਰ ਦੂਰ ਜ਼ਬਰੀ ਆਸਾਮ ਦੀ ਡਿਬਰੂਗੜ੍ਹ ਜੇਲ੍ਹ ‘ਚ ਭੇਜਣ ਦਾ ਸਮੁੱਚੀ ਸਿੱਖ ਕੌਮ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਵੱਲ ਜੋਰਦਾਰ ਵਿਰੋਧ ਕੀਤਾ ਗਿਆ ਸੀ। 2 ਸਾਲ ਪੂਰੇ ਹੋਣ ਤੋਂ ਬਾਅਦ ਸ. ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆ ਦੀ ਤੀਜੀ ਵਾਰ ਮੁੜ ਇਕ ਸਾਲ ਲਈ ਹੋਰ ਐਨ.ਐਸ.ਏ. ਵਧਾਉਣ ਦੇ ਅਮਲ ਅਤਿ-ਨਿੰਦਣਯੋਗ ਹਨ । ਇਹ ਵਿਚਾਰ ਪ੍ਰਗਟ ਕਰਦੇ ਹੋਏ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਉਪਰੋਕਤ ਗੈਰ-ਕਾਨੂੰਨੀ ਫੈਸਲੇ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆ ‘ਤੇ ਆਮ ਆਦਮੀ ਪਾਰਟੀ ਦੇ ਸੁਪਰੀਮੋਂ ਕੇਜਰੀਵਾਲ ਅਤੇ ਬੀਜੇਪੀ, ਆਰ.ਐਸ.ਐਸ. ਵੱਲੋਂ ਪੰਜਾਬ ਤੇ ਸਿੱਖ ਵਿਰੋਧੀ ਸੋਚ ਹੁਣ ਕਰਕੇ ਮੁੜ ਇਕ ਸਾਲ ਲਈ ਐਨ.ਐਸ.ਏ. ਵਧਾਈ ਗਈ ਹੈ।ਸ. ਮਾਨ ਨੇ ਕਿਹਾ ਕਿ 2 ਸਾਲ ਪਹਿਲਾਂ ਅਜਨਾਲਾ ਦੀ ਘਟਨਾ ਨੂੰ ਮੁੱਖ ਰੱਖਕੇ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ‘ਤੇ ਕੋਈ ਵੱਡਾ ਕੇਸ ਨਹੀ ਸੀ ਬਣਦਾ। ਜੇਕਰ ਹੁਕਮਰਾਨਾਂ ਨੇ ਪੰਜਾਬ ਸੂਬੇ, ਪੰਜਾਬੀਆ ਅਤੇ ਸਿੱਖ ਕੌਮ ਪ੍ਰਤੀ ਆਪਣੀ ਸੋਚ ਨਾ ਬਦਲੀ, ਤਾਂ।ਨਿਕਲਣ ਵਾਲੇ ਭਿਆਨਕ ਨਤੀਜਿਆ ਲਈ ਸੈਂਟਰ ਅਤੇ ਪੰਜਾਬ ਸਰਕਾਰਾਂ ਮੁੱਖ ਤੌਰ ਤੇ ਦੋਸ਼ੀ ਹੋਣਗੀਆਂ।ਉਨ੍ਹਾਂ ਮੰਗ ਕੀਤੀ ਕਿ ਸਿਆਸੀ ਆਗੂਆ ਨੂੰ ਜ਼ਬਰੀ ਝੂਠੇ ਕੇਸਾਂ ਵਿਚ ਬੰਦੀ ਬਣਾਕੇ ਜਲੀਲ ਕਰਨ ਦੇ ਅਮਲਾਂ ਤੋਂ ਤੋਬਾ ਕਰਕੇ ਬਾਹਰਲੀਆ ਜੇਲ੍ਹਾਂ ਵਿਚ ਬੰਦੀ ਬਣਾਏ ਗਏ ਸਿੱਖਾਂ ਨੂੰ ਫੌਰੀ ਰਿਹਾਅ ਕੀਤਾ ਜਾਵੇ ਅਤੇ ਸ. ਅੰਮ੍ਰਿਤਪਾਲ ਸਿੰਘ ਉਤੇ ਬਣਾਏ ਮੰਦਭਾਵਨਾ ਅਧੀਨ ਕੇਸ ਵਾਪਸ ਲੈਕੇ ਪੰਜਾਬ ਦੀ ਸਿਆਸਤ ਨੂੰ ਸਹੀ ਰਾਹ ਪਾਇਆ ਜਾਵੇ, ਤਾਂਕਿ ਜਮਹੂਰੀਅਤ ਅਤੇ ਅਮਨ ਚੈਨ ਬਣਿਆ ਰਹਿ ਸਕੇ।



# ਅਮਰੀਕਾ ਵਿਚ 35 ਲੱਖ ਪ੍ਰਵਾਸੀਆਂ ਨਾਲ ਧੋਖਾ




ਵਾਸ਼ਿੰਗਟਨ:ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਸਾਫ਼ ਲਫਜ਼ਾਂ ਵਿਚ ਆਖ ਦਿੱਤਾ ਹੈ ਕਿ ਇਕੱਲੇ-ਇਕੱਲੇ ਨੂੰ ਡਿਪੋਰਟ ਕਰਨ ਤੋਂ ਪਹਿਲਾਂ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਅਤੇ ਬਗੈਰ ਕਿਸੇ ਅਪੀਲ ਜਾਂ ਦਲੀਲ ਤੋਂ ਜਹਾਜ਼ਾਂ ਵਿਚ ਲੱਦ ਕੇ ਭੇਜਣ ਦਾ ਸਿਲਸਿਲਾ ਜਾਰੀ ਰੱਖਿਆ ਜਾਵੇਗਾ। ਟਰੰਪ ਦੀ ਟਿੱਪਣੀ ਸੁਪਰੀਮ ਕੋਰਟ ਦੇ ਉਸ ਫੈਸਲੇ ਤੋਂ ਬਾਅਦ ਆਈ ਹੈ ਜਿਸ ਵਿਚ ਵੈਨੇਜ਼ੁਏਲਾ ਨਾਲ ਸਬੰਧਤ ਪ੍ਰਵਾਸੀਆਂ ਨੂੰ ਏਲੀਅਨਜ਼ ਐਨੀਮੀਜ਼ ਐਕਟ 1798 ਅਧੀਨ ਡਿਪੋਰਟ ਕਰਨ ‘ਤੇ ਰੋਕ ਲਾਈ ਗਈ ਹੈ। ਦੂਜੇ ਪਾਸੇ 35 ਲੱਖ ਪ੍ਰਵਾਸੀਆਂ ਨਾਲ ਧੋਖਾ ਹੋ ਗਿਆ ਜਦੋਂ ਚੁੱਪ-ਚਪੀਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਈਲੌਨ ਮਸਕ ਦੀ ਅਗਵਾਈ ਵਾਲੇ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੀਐਂਸੀ ਨੂੰ ਮੁਹੱਈਆ ਕਰਵਾਉਣ ਦੀ ਪ੍ਰਵਾਨਗੀ ਦੇ ਦਿੱਤੀ ਗਈ।


GOLDEN STAR PAINTING




ਭੁਪਿੰਦਰ ਸਿੰਘ ਗਿੱਲ:604-897-5750



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ
ਤਰਾਂ ਦੀਆਂ ਡੋਮੇਸਟਿਕ
ਅਤੇ ਇਨਪੋਟੀਡ ਕਾਰਾਂ
ਅਤੇ ਵੈਨਾਂ ਦੀ ਰੀਪੇਅਰ
ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਭਾਈ ਅੰਮ੍ਰਿਤਪਾਲ ਸਿੰਘ ਤੇ ਐਨਐਸਏ ਵਧਾਉਣ ਦੀ ਸਤਿਕਾਰ ਕਮੇਟੀ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਨਿਖੇਧੀ



ਸਰੀ:ਭਾਈ ਅੰਮ੍ਰਿਤ ਪਾਲ ਸਿੰਘ ਮੁਖੀ 'ਅਕਾਲੀ ਦਲ ਵਾਰਿਸ ਪੰਜਾਬ' ਦੇ ਅਤੇ ਲੋਕ ਸਭਾ ਮੈਂਬਰ ਉਪਰ ਇੱਕ ਸਾਲ ਲਈ ਹੋਰ ਐਨ. ਐਸ. ਏ ਵਧਾਉਂਣ ਦੀ ਸਤਿਕਾਰ ਕਮੇਟੀ ਬੀ.ਸੀ ਕੈਨੇਡਾ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਗੰਭੀਰ ਚਰਚਾ ਹੋ ਰਹੀ ਹੈ।ਭਾਈ ਅੰਮ੍ਰਿਤ ਪਾਲ ਸਿੰਘ ਉਪਰ ਐਨ.ਐਸ.ਏ ਵਧਾਉਂਣ ਦੀ ਜਿਨੀ ਵੀ ਨਿੰਦਿਆ ਕੀਤੀ ਜਾਵੇ ਉਹ ਥੋੜੀ ਹੈ।ਜੇਕਰ ਹੁਣ ਦੇਸ਼ ਵਿਦੇਸ਼ ਦੀਆਂ ਸਿੱਖ ਜਥੇਬੰਦੀਆ ਗੁਰਦਵਾਰਾ ਕਮੇਟੀਆਂ ਜਾਂ ਗੁਰਦੁਆਰਾ ਕੌਂਸਲਾਂ ਇੱਕ ਝੰਡੇ ਥੱਲੇ ਇਕੱਠੀਆਂ ਨਾ ਹੋਈਆ ਤਾਂ ਸਾਨੂੰ ਸਾਰਿਆਂ ਨੂੰ ਜੁਲਮ, ਕੁੱਟਮਾਰ ਤੇ ਧੱਕੇ ਸ਼ਾਹੀ ਦੀ ਮਾਰ ਝੱਲਣੀਂ ਪਵੇਗੀ। ਇਸ ਦੀ ਜੁੰਮੇਵਾਰੀ ਜਥੇਬੰਦੀਆਂ ਦੇ ਆਗੂਆਂ ਦੀ ਹੋਵੇਗੀ।ਪੰਥ ਇਨਾ ਆਗੂਆਂ ਨੂੰ ਕਦੇ ਮੁਆਫ ਨਹੀਂ ਕਰੇਗਾ।



ਜਥੇ. ਕੁਲਦੀਪ ਸਿੰਘ ਸੇਖੋਂ

ਦੂਸਰੇ ਪਾਸੇ ਬਲਾਤਕਾਰੀ ਸੌਦਾ ਸਾਧ ਜਿਸਨੂੰ ਸਜ਼ਾ ਵੀ ਹੋਈ ਹੈ ਤੇ ਕਾਤਲ ਬਲਾਤਕਾਰੀ ਸਾਬਤ ਹੋਇਆ ਹੈ ਉਸਨੂੰ ਵਾਰ ਵਾਰ ਪੈਰੋਲ ਦਿੱਤੀ ਜਾ ਰਹੀ ਹੈ ਪਰ ਸਾਡੇ ਸਿੱਖ ਆਗੂ ਜੋ ਕਿ ਸੱਚ ਇਨਸਾਫ ਦੀ ਗੱਲ ਕਰਦੇ ਹਨ ਉਨਾ ਨੂੰ ਬਿਨਾ ਕਸੂਰ ਜੇਲ਼ਾ ਵਿੱਚ ਸੁੱਟਿਆ ਜਾਂਦਾ ਹੈ।ਜੇਕਰ ਅਸੀਂ ਇਕੱਠੇ ਹੋਈਏ ਤਾਂ ਮੌਕੇ ਦੀਆਂ ਸਰਕਾਰਾਂ ਸੌਦਾ ਸਾਧ ਨੂੰ ਪੈਰੋਣ ਦੇਸ ਤੋਂ ਝਿਜਕਣਗੀਆਂ ਅਤੇ ਸਿੱਖ ਆਗੂਆਂ ਨੂੰ ਰਿਹਾਅ ਕਰਨਾ ਪਵੇਗਾ। ਸਿੱਖ ਆਗੂ ਕੁਰਸੀਆਂ ਤੇ ਅਹੁਦਿਆਂ ਦਾ ਲਾਲਚ ਛੱਡ ਪੰਥਕ ਸਿਧਾਂਤਾ ਤੇ ਪਹਿਰਾ ਦੇਣ।ਸਰਕਾਰਾਂ ਨੂੰ ਵੀ ਅਸੀ ਅਪੀਲ ਕਰਦੇ ਹਾਂ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਲੱਗੀ ਐਨ ਐਸ ਏ ਬਾਰੇ ਦੁਬਾਰਾ ਵੀਚਾਰ ਕਰਨ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਸਿੱਖ ਕੌਮ ਦੇ ਵੱਡੇ ਵਿਰੋਧ ਦਾ ਸਾਹਮਣਾਂ ਕਰਨਾ ਪਵੇਗਾ।

# ਭਾਈ ਅਤਿੰਦਰਪਾਲ ਸਿੰਘ ਦਾ ਸਤਿਕਾਰ ਕਮੇਟੀ ਵੱਲੋਂ ਸਵਾਗਤ





ਬਰਨਬੀ:ਸਾਬਕਾ ਲੋਕ ਸਭਾ ਮੈਂਬਰ ਅਤੇ ਸਿੱਖ ਵਿਦਵਾਨ ਭਾਈ ਅਤਿੰਦਰਪਾਲ ਸਿੰਘ ਖਾਲਿਸਤਾਨੀ ਪਿਛਲੇ ਦਿਨੀ ਸਰੀ ਬੀ.ਸੀ ਕੈਨੇਡਾ ਦੇ ਦੌਰੇ ਤੇ ਆਏ।ਉਨ੍ਹਾਂ ਨੇ ਵੱਖ ਜਥੇਬੰਦੀਆਂ ਦੇ ਸਮਾਗਮਾਂ ਵਿੱਚ ਹਿੱਸਾ ਲਿਆ।ਇਸੇ ਲੜੀ ਤਹਿਤ ਸ. ਕੁਲਦੀਪ ਸਿੰਘ ਜੋ ਕੈਨੇਡਾ ਦੀ ਸਤਿਕਾਰ ਕਮੇਟੀ ਦੇ ਆਗੂ ਹਨ ਉਨਾ ਦੇ ਗ੍ਰਹਿ ਵਿੱਖੇ ਵਿਸੇਸ਼ ਤੌਰ ਤੇ ਭਾਈ ਅਤਿੰਦਰ ਪਾਲ ਸਿੰਘ ਸਮੇਤ ਪ੍ਰੀਵਾਰ ਪਧਾਰੇ।ਇਸ ਸਮੇਂ ਉਨ੍ਹਾਂ ਦੀ ਚਾਹ ਪਾਣੀ ਨਾਲ ਸੇਵਾ ਕੀਤੀ।ਇਸ ਸਮੇਂ ਪੰਥਕ ਵੀਚਾਰਾਂ ਹੋਈਆਂ। ਉਨਾ ਨੇ ਅਖੀਰ ਇਹ ਸਿੱਟਾ ਕੱਢਿਆ ਕਿ ਸਿੱਖਾਂ ਦਾ ਆਪਣੇ ਕੌਮੀ ਘਰ ਬਾਰ ਤੋਂ ਬਿਨਾ ਗੁਜ਼ਾਰਾ ਨਹੀਂ ਹੈ।ਉਨ੍ਹਾਂ ਕਿਹਾ ਕਿ ਜੋ ਬਾਹਰ ਬੈਠੇ ਆਗੂ ਕੇਵਲ ਖਾਲਿਸਤਾਨ ਦੇ ਨਾਅਰੇ ਲਾਉਂਦੇ ਹਨ ਉਸਦਾ ਪੰਜਾਬ ਬੈਠੇ ਸਿੱਖਾਂ ਤੇ ਬੁਰਾ ਅਸਰ ਪੈਂਦਾ ਹੈ।ਜੋ ਨੌਜਵਾਨ ਫੜੇ ਜਾਂਦੇ ਹਨ ਉਨਾ ਦੀ ਮਗਰੋਂ ਕੋਈ ਬਾਤ ਨਹੀਂ ਪੁਛਦਾ।ਨਾ ਕੋਈ ਉਨ੍ਹਾਂ ਲਈ ਵਕੀਲ਼ ਕਰਦਾ ਹੈ ਨਾ ਕੋਈ ਕੇਸ ਲੜਦਾ ਹੈ।ਉਨ੍ਹਾਂ ਨੂੰ ਨਜ਼ਾਇਜ਼ ਹੀ ਸਜਾਵਾਂ ਹੋ ਜਾਂਦੀਆਂ ਹਨ, ਨਾ ਹੀ ਕੋਈ ਉਨ੍ਹਾਂ ਪ੍ਰੀਵਾਰਾਂ ਦੀ ਸਹਾਇਤਾ ਕਰਦਾ ਹੈ।


A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



PACIFIC NURSERIES

ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:
778-552-0305

# ਸਿੱਖੀ ਦੇ ਉਪਕਾਰ ਕੌਣ ਕਰੂ ਯਾਦ ...?

ਧਰਮ ਅਤੇ ਸਮਾਜਿਕ ਪੱਖ, ਮਨੁੱਖ ਨੂੰ ਇਨਸਾਨ ਬਣਾਉਣ ਅਤੇ ਉਸ 'ਚ ਇਨਸਾਨੀਅਤ ਦੇ ਅਜਿਹੇ ਗੁਣ ਭਰਨ ਦਾ ਮਾਰਗ ਹੈ, ਜਿਸ ਨਾਲ ਮਨੁੱਖ ' ਤੇ ਪ੍ਰਮਾਤਮਾ ਦੋਵੇਂ ਇੱਕ-ਦੂਜੇ 'ਚ ਅਭੇਦ ਹੋ ਜਾਂਦੇ ਹਨ। ਧਰਤੀ 'ਤੇ ਹੁੰਦੇ ਜ਼ੁਲਮ, ਜਬਰ, ਸ਼ੋਸ਼ਣ, ਬੇਇਨਸਾਫ਼ੀ ਨੂੰ ਖ਼ਤਮ ਕਰਨ ਲਈ ਅਤੇ ਹਰ ਮਨੁੱਖ ਨੂੰ ਬਰਾਬਰੀ ਦਿਵਾਉਣ ਅਤੇ ਮਨੁੱਖ ਨੂੰ ਸੱਚੀ-ਮੁੱਚੀ ਇਸ ਬ੍ਰਹਿਮੰਡ ਦਾ 'ਸਿਰਦਾਰ' ਬਣਾਉਣ ਲਈ ਜਗਤ ਬਾਬਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਦੇ ਨਵੀਨਤਮ, ਇਨਕਲਾਬੀ। ਪ੍ਰਮਾਤਮਾ ਦੀ ਖੋਜ ਅਨੁਸਾਰ ਸੇਵਾ-ਸਿਮਰਨ ਦੇ ਮਾਰਗ ਤੇ ਚੱਲਣ ਵਾਲੇ, ਸਿੱਖ ਪੰਥ ਦੀ ਨੀਂਹ ਰੱਖੀ। ਇਸ ਮਹਾਨ ਧਰਮ ਦਾ ਵਿਸ਼ਵ ਨੂੰ ਅਗਵਾਈ ਦੇਣ ਲਈ 'ਸਰਬੰਤ ਦੇ ਭਲੇ ਦਾ ਨਿਆਰਾ ਨਾਅਰਾ ਅਤੇ ਕੋ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ' ਦਾ ਸਿਧਾਂਤ ਵਿਸ਼ਵ 'ਚ ਸਦੀਵੀ ਅਮਨ ਦੀ ਸਥਾਪਤੀ ਦਾ ਇੱਕੋ-ਇੱਕ ਨੁਸਖਾ' ਹੈ। ਸਿੱਖ ਪੰਥ ਨੇ ਆਪਣੀ ਸਥਾਪਨਾ ਤੋਂ ਲੈ ਕੇ ਅੱਜ ਤੱਕ ਆਪਣੀ ਸਮਰੱਥਾ ਨੂੰ ਹਕੀਕੀ ਰੂਪ 'ਚ ਰੂਪਨਾਮ ਕਰਕੇ ਵਿਖਾਇਆ ਹੈ, ਭਾਵੇਂ ਕਿ ਸਿੱਖੀ ਦੇ ਨਿਆਰੇਪਣ ਤੋਂ ਡਰੀਆਂ ਸ਼ਕਤੀਆਂ ਵੱਲੋਂ ਵਿਸ਼ਵ ਧਰਮ ਦੀ ਪੌਦਵੀਂ ਪ੍ਰਾਪਤ ਕਰਨ ਦੇ ਸਮਰੱਥ ਸਿੱਖ ਪੰਥ ਨੂੰ ਹਮੇਸ਼ਾ ਅੰਦਰੋਂ-ਬਾਹਰੋਂ ਖੋਰਾ ਲਾਉਣ ਦੇ ਲਗਾਤਾਰ ਯਤਨ ਹੀ ਨਹੀਂ ਸਗੋਂ ਵਿਆਪਕ ਹਮਲੇ ਹੋਏ ਹਨ, ਪ੍ਰੰਤੂ ਸਿੱਖੀ ਦਾ ਇਹ ਬੂਟਾ, ਜਿਸ ਰੂਹਾਨੀਅਤ ਜਲ ਤੇ ਵਾਯੂ ਨਾਲ ਵਧਿਆ ਫੁੱਲਿਆ ਹੈ, ਉਸਨੇ ਇਸ ਨੂੰ ਸਦੀਵੀ ਅਮਰ ਰਹਿਣ ਦਾ ਜਿਹੜਾ ਵਰਦਾਨ ਬਖ਼ਸਿਆ ਹੈ, ਉਸ ਅੱਗੇ ਇਹ ਪੰਥ ਦੋਖੀ ਸ਼ਕਤੀਆਂ ਬੇਵੱਸ ਹਨ। ਸਿੱਖ ਪੰਥ ਨੇ ਇਸ ਦੇਸ਼ ਅਤੇ ਇਸ ਦੇਸ਼ ਦੀ ਪੌਤ ਨੂੰ ਜ਼ਾਲਮ- ਜਾਬਰ ਵਿਦੇਸ਼ੀ ਧਾੜਵੀਆ ਤੋਂ ਆਪਣੀਆਂ ਜਿੰਦਾਂ ਵਾਰ ਕੇ, ਸਿਰਾਂ ਦੇ ਮੁੱਲ ਪੁਆ ਕੇ, ਆਪਣੇ ਜਾਨ ਤੋਂ ਪਿਆਰੇ ਦਰਬਾਰ ਸਾਹਿਬ ਅਤੇ ਉਸਦੇ ਪਵਿੱਤਰ ਸਰੋਵਰ ਨੂੰ ਕਈ ਵਾਰ ਦਾਅ 'ਤੇ ਲਾ ਕੇ ਬਚਾਇਆ ਹੈ ਅਤੇ ਬਦਲੇ 'ਚ 'ਸਿੱਖਾਂ ਦੇ ਬਾਰਾਂ ਵੱਜ ਗਏ ਦਾ ਖਿਤਾਬ' ਪਾਇਆ, ਪ੍ਰੰਤੂ ਫ਼ਿਰ ਵੀ ਇਸ ਦੇਸ਼ ਨੂੰ ਅਣਖ ਨਾਲ ਜਿਉਣ ਦੀ ਜੀਵਨ ਜਾਂਚ ਸਿਖਾਈ ਹੈ। ਸਿੱਖ ਪੰਥ ਦੀ ਆਰੰਭਤਾ ਲੋਕਾਂ 'ਚ ਬਰਾਬਰੀ ਦਾ ਅਹਿਸਾਸ ਜਗਾਉਣ ਅਤੇ ਉਸਦੀ ਪ੍ਰਾਪਤੀ ਕਰਨ ਦੇ ਨਾਲ ਹੋਈ, ਜਿਸਦਾ ਆਗਾਜ਼ ਬਾਬਾ ਨਾਨਕ ਨੇ ਘਰ-ਘਰ ਧਰਮਸ਼ਾਲਾ ਸਿਰਜ ਕੇ, ਸੰਗਤਾਂ ਨੂੰ ਸੰਗਤ ਕਰਨ ਦੇ ਉਪਦੇਸ਼ ਨਾਲ ਇਕੱਠੇ ਬੈਠਣ ਦੀ ਜੀਵਨ ਜਾਂਚ ਸਿਖਾਈ। ਉੱਚੀਆਂ ਜਾਤਾਂ ਦੇ ਉੱਚੇ ਹੋਣ ਦਾ ਗੁਮਾਨ ਤੋੜਿਆ, ਨੀਵੀਆਂ ਜਾਤਾਂ 'ਚ ਨੀਂਵੇ ਹੋਣ ਦੀ ਹੀਣ ਭਾਵਨਾ ਖ਼ਤਮ ਕੀਤੀ। ਮੰਨੂ ਸਿਮਰਤੀ ਦੀ ਜਕੜ ਵਾਲੇ ਇਸ ਦੇਸ਼ 'ਚ ਜਾਤ-ਪਾਤ, ਊਚ-ਨੀਚ, ਛੂਆ-ਛੂਤ ਨੂੰ ਖ਼ਤਮ ਕਰਨ ਦਾ ਹੋਕਾ ਦੇਣਾ, ਦੁਨੀਆਂ ਦਾ ਸਭ ਤੋਂ ਪਹਿਲਾਂ ਇਨਕਲਾਬੀ ਨਾਅਰਾ ਸੀ, ਜਿਹੜਾ ਗੁਰੂ ਸਾਹਿਬਾਨ ਨੇ ਲਾਇਆ ਅਤੇ ਸਿਰੇ ਚੜ੍ਹਾਇਆ। ਸਿੱਖੀ ਨੇ ਇਸ ਦੇਸ਼ 'ਚ ਪੰਚਾਇਤੀ ਰਾਜ ਦੀ ਸਥਾਪਨਾ ਕੀਤੀ ਤੇ ਉਸਨੂੰ ਪੱਕਿਆ ਕੀਤਾ। ਪੰਚ ਪ੍ਰਧਾਨੀ ਦੇ ਮਹਾਨ ਸੰਕਲਪ ਨੇ ਅਤੇ ਸੰਗਤ 'ਵੀਹ ਬਿਸਵੇ ' ਦੀ ਧਾਰਨਾ ਨੇ ਹੀ ਪੰਚਾਇਤੀ ਰਾਜ ਦਾ ਮੁੱਢ ਬੰਨ੍ਹਿਆ, ਇਹੋ ਕਾਰਣ ਸੀ ਕਿ ਪੰਜਾਬ ਹਰ ਖੇਤਰ 'ਚ ਦੇਸ਼ ਨੂੰ ਅਗਵਾਈ ਦੇਣ ਦੇ ਸਮਰੱਥ ਹੋਇਆ ਸੀ। ਸਿੱਖੀ ਨੇ ਗਿਆਨ ਤੇ ਬੋਲੀ ਦੀ ਕਦਰ ਪਾਉਣ ਦੀ ਜਾਂਚ ਸਿਖਾਈ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਦੇ ਨਾਲ ਨਾਲ ਦੇਸ਼ ਦੇ ਕੋਣ ਕੋਣ 'ਚ ਹੋਏ ਹਮ ਖਿਆਲੀ ਭਗਤਾਂ ਦੀ ਬਾਣੀ ਨੂੰ ਬਰਾਬਰ ਦਾ ਦਰਜਾ ਦਿੱਤਾ। ਮਹਾਨ ਵਿਚਾਰਾਂ ਤੇ ਬੋਲੀਆਂ ਦਾ, ਮਨੁੱਖਤਾ ਨੂੰ ਸਦੀਵੀ ਸੁਗੰਧੀ ਦੇਣ ਵਾਲਾ ਗੁਲਦਸਤਾ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ 'ਚ ਸਾਕਾਰ ਕੀਤਾ। ਬਾਣੀ ਤੋਂ ਬਾਅਦ ਬਾਣਾ ਸਿੱਖੀ ਦੀ ਉਹ ਦੇਣ ਹੈ, ਜਿਸਨੇ ਇਸ ਦੇਸ਼ ਅਤੇ ਹਿੰਦੂ ਧਰਮ ਨੂੰ ਬਚਾਇਆ ਨਹੀਂ ਤਾਂ, 'ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ', ਨੂੰ ਕੋਈ ਟਾਲ ਨਹੀਂ ਸਕਦਾ ਸੀ। ਸਿੱਖੀ ਨੇ ਮਨੁੱਖਤਾ ਨੂੰ ਸਿਖਾਇਆ ਹੈ ਕਿ ਜ਼ੁਲਮ ਕਰਨਾ ਤੇ ਜ਼ੁਲਮ ਸਹਿਣਾ ਦੋਵੇਂ ਵੱਡੇ ਗੁਨਾਹ ਹਨ। ਜ਼ੁਲਮ ਦਾ ਟਾਕਰਾ ਕਰਦਿਆਂ, ਸਿੱਖਾਂ ਨੇ ਆਪਣੇ ਸਿਰਾਂ ਦੇ ਮੁੱਲ ਪੁਆਏ, ਪ੍ਰੰਤੂ ਜਦੋਂ ਲਾਹੌਰ 'ਚ ਖਾਲਸਾਈ ਝੰਡਾ ਝੂਲਿਆ ਤਾਂ ਕਿਸੇ ਮੁਸਲਮਾਨ ਦਾ ਵਾਲ ਦੀ ਬਾਂਬਾ ਨਾ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਦੇਸ਼ ਨੂੰ ਰਾਜ ਪ੍ਰਬੰਧ ਚਲਾਉਣ ਦੀ ਮਹਾਨ ਪ੍ਰਣਾਲੀ ਸਿਖਾਈ। ਸਿੱਖੀ ਨੇ ਜਿੱਥੇ ਜੰਗਜੂ ਤੇ । ਬਹਾਦਰ ਯੋਧਿਆਂ ਨੂੰ ਆਪਣੇ ਅੰਗ ਮੰਨਿਆ, ਉੱਥੇ ਸੰਤ-ਸਿਪਾਹੀ ਤੇ ਮੀਰੀ-ਪੀਰੀ ਦਾ ਸਿਧਾਂਤ ਪ੍ਰਪੱਕ ਕੀਤਾ। ਸੰਗੀਤ ਕਲਾਂ, ਚਿੱਤਰਕਾਰੀ, ਇਮਾਰਤਸ਼ਾਜੀ ਆਦਿ ਮਨੁੱਖੀ ਸਿਰਜਾਣਾਤਮਕ ਕਲਾਵਾਂ ਨੂੰ ਪ੍ਰਫੁੱਲਤ ਕਰਨ ਦਾ ਮਾਹੌਲ ਸਿਰਜਣ ਲਈ ਭਾਈ ਮਰਦਾਨੇ ਦੀ ਵੱਜਦੀ ਰਬਾਬ ਤੋਂ ਲੈ ਕੇ ਸ੍ਰੀ ਦਰਬਾਰ ਸਾਹਿਬ 'ਚ ਹੋਈ ਬਰੀਕ ਮੀਨਾਕਾਰੀ, ਸਿੱਖ ਪੰਥ ਵੱਲੋਂ ਹਰ ਮਨੁੱਖ 'ਚ ਸੂਖਮ ਕਲਾ ਨੂੰ ਜਾਗ੍ਰਿਤ ਕਰਨ ਦੇ ਨਮੂਨੇ ਹਨ। ਨਿਆਰੇ ਪੰਥ ਦੀ ਮਹਾਨ ਦੇਣ ਨੂੰ ਸੰਸਾਰ ਦਾ ਇਤਿਹਾਸ ਤਾਂ ਕਦੇ ਭੁੱਲ ਨਹੀਂ ਸਕੇਗਾ। ਪ੍ਰੰਤੂ ਸਿੱਖ ਕੌਮ ਜ਼ਰੂਰ ਖ਼ੁਦਗਰਜ਼ੀਆਂ ਦੇ ਵਹਿਣ 'ਚ ਵਹਿ ਕੇ, ਆਪਣੇ ਵਿਰਸੇ ਤੋਂ ਟੁੱਟਣ ਲੱਗੀ ਹੋਈ ਹੈ ਅਤੇ ਆਪਣੇ ਇਤਿਹਾਸ ਤੋਂ ਮੂੰਹ ਮੋੜਦੀ ਜਾ ਰਹੀ ਹੈ। ਅੱਜ ਲੋੜ ਹੈ ਕਿ ਅਸੀਂ ਆਪਣੇ ਮਹਾਨ ਵਿਰਸੇ ਦੇ ਵਾਰਿਸ ਬਣਕੇ ਇਸਨੂੰ ਵਿਸ਼ਵ ਧਰਮ ਬਣਾਉਣ ਦੇ ਮਾਰਗ 'ਤੇ ਚੱਲੀਏ, ਪ੍ਰੰਤੂ ਇਹ ਤਦ ਹੀ ਸੰਭਵ ਹੋਵੇਗਾ, ਜੇ ਕੌਮ ਉਨ੍ਹਾਂ ਗੁਣਾਂ, ਸਿਧਾਂਤਾਂ ਨੂੰ ਅਮਲੀ ਰੂਪ 'ਚ ਮੁੜ ਤੋਂ ਅਪਨਾ ਲਵੇਗੀ, ਜਿਹੜੇ ਗੁਰੂ ਸਾਹਿਬ ਨੇ ਗੁਰਬਾਣੀ 'ਚ ਹਰ ਸਿੱਖ ਲਈ ਘੜ੍ਹੇ ਹਨ। -ਜਸਪਾਲ ਸਿੰਘ

## ਸਿੰਘੋ ਸੇਵਾਦਾਰ ਬਣੋ ਸਿੱਖ ਕੌਮ ਦੇ ਨਾ ਭਾਲੋ ਤੁਸੀਂ ਜਥੇਦਾਰੀਆਂ

ਬਿੰਦਰਖੀਆ ਦਾ ਗਾਇਆ ਸੀ ਇਹ ਗੀਤ। ਗੁਰੂ ਸਾਹਿਬ ਤੋਂ ਲੈ ਕੇ ਸਿੱਖਾਂ ਨੇ ਨਿਸ਼ਕਾਮ ਸੇਵਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦ ਬਾਬਾ ਬੰਦਾ ਸਿੰਘ ਬਹਾਦਰ ਦੱਖਣ ਵੰਨਿਓਂ ਜਰਨੈਲੀ ਦੇ ਕੇ ਤੋਰਿਆ ਤਾਂ ਸਭ ਤੋਂ ਪਹਿਲਾਂ ਸਿਰ ਦੇਣ ਵਾਲੇ ਭਾਈ ਦਇਆ ਸਿੰਘ ਅਤੇ ਹੋਰ ਜੂਝਦੇ ਰਹੇ ਸਿੰਘ ਵੀ ਓਥੇ ਮੌਜੂਦ ਸਨ ਪਰ ਕਿਸੇ ਇਕ ਨੇ ਕਿਹਾ ਹੋਵੇ ਕਿ ਮੈਂ? ਮੇਰੀ ਕੁਰਬਾਨੀ? ਮੇਰੇ ਫਟ? ਸ. ਜੱਸਾ ਸਿੰਘ ਆਹਲੂਵਾਲੀਆ ਸਿੰਘਾਂ ਦੇ ਹੱਥਾਂ ਵਿੱਚ ਪਲਿਆ ਅਤੇ ਕੱਲ ਤੱਕ ਸਿੰਘ ਹਮਕੋ ਤੁਮਕੋ ਕਹਿਕੇ ਓਨਾ ਦੀ ਸਾਂਗ ਲਾਇਆ ਕਰਦੇ ਸਨ ਪਰ ਚੜਦੀ ਜਵਾਨੀ ਜਦ ਨਵਾਬ ਕਪੂਰ ਸਿੰਘ ਨੇ ਜਥੇਦਾਰ ਥਾਪਿਆ ਤਾਂ ਕਿਸੇ ਨੂੰ ਕੋਈ ਇਤਰਾਜ ਹੋਇਆ ਹੋਵੇ ਕਿ ਮੈਂ ਪੁਰਾਣਾ, ਮੇਰੀ ਕੁਰਬਾਨੀ , ਇਹ ਕੱਲ ਦੇ ਛੋਕਰਾ।

ਖਡੂਰ ਦੀ ਚੋਣ ਦੀ ਜਿੱਤ ਕੇਵਲ ਜਿਤ ਨਾ ਸੀ ਬਲਕਿ ਇਤਹਾਸਕ ਮਿਸਾਲ ਵੀ ਸੀ ਕਿ ਬਿਨਾ ਸ਼ਰਾਬ ਤਾਂ ਕੀ ਪਾਣੀ ਦੀ ਬੋਤਲ ਦਿਤੇ ਵੀ ਚੋਣ ਲੜੀ ਅਤੇ ਸ਼ਾਨ ਨਾਲ ਜਿਤੀ ਬੰਦੇ ਨੇ ਅਤੇ ਜਿਤਣ ਵਾਲਾ ਹਾਲਾਂ ਕੇ ਜੇਲ਼ ਵਿਚ ਸੀ। ਯਾਣੀ ਕੌਮ ਨੇ ਪ੍ਰਵਾਨ ਕੀਤਾ ਕਿ ਨਵੀ ਜਰਨੈਲੀ ਦੀ ਕੌਮ ਨੂੰ ਲੋੜ ਹੈ ਪਰ ਬੁੱਢੀਆਂ ਜਰਨੈਲੀਆਂ ਨੇ ਪਾ ਭੜਥੂ ਦਿਤੇ। ਬਜੁਰਗ ਹੋ ਕੇ ਤਾਂ ਬੰਦਾ ਸਿਆਣਾ ਹੁੰਦਾ ਪਰ ਇਹ ਬਜੁਰਗ ਨਹੀ ਦਰਅਸਲ ਬੁਢੇ ਹੋਏ ਨੇ ਅਤੇ ਬੁਢਾ ਹੋ ਕੇ ਬੰਦਾ ਹੋਰ ਖੜੂਸ ਹੋ ਜਾਂਦਾ। ਆਹਾ ਤੁਹਾਡੇ ਸਾਹਵੇਂ ਹੀ ਹੈ ਪੂਰੇ ਸੰਸਾਰ ਨੂੰ ਖੜੂਸ ਹੋ ਚੁਕੇ ਬੁਢਿਆਂ ਵਖਤ ਪਾਇਆ ਵਿਆ ਇਥੇ ਤਾਂ ਗਲ ਹੀ ਛੋਟੇ ਦਾਇਰੇ ਦੀ ਹੋ ਰਹੀ। ਪਹਿਲਾਂ ਮੈਂ 24 ਤਕ ਦੀ ਆਸ ਲਾਈ ਰਖੀ ਕਿ 24 ਦੀਆਂ ਚੋਣਾ ਤਕ ਦਾ ਡਰਾਮਾ ਐ ਜੀ। ਚਲੋ ਚੌਵੀ ਲੰਘ ਗਈ ਹੁਣ ਡਰਾਮਾ ਵਧਾ ਕੇ ਮੈਂ 27 ਤਕ ਲੈ ਗਿਆਂ। ਮੇਰੀ ਮੁਸ਼ਕਲ ਕੀ ਹੈ। ਦੋ ਗਲਾਂ ਸਮਝ ਆਓਂਣ ਵਰਗੀਆਂ ਜਾਂ ਬੁਢੀ ਹੋ ਚੁਕੀ ਜਥੇਦਾਰੀ ਜਾਂ ਮਜਬੂਰੀ।

ਪਰ ਰਬ ਕਰੇ ਮਜਬੂਰੀ ਨਾ ਹੋਵੇ ਨਹੀ ਤਾਂ ਪਹਾੜਾ ਸਿੰਘਾਂ ਦੇ ਪਹਾੜ ਲਗ ਜਾਣੇ ਅਤੇ ਪੂਰੀ ਕੌਮ ਹਰਾਸ ਹੋ ਕੇ ਰਹਿ ਜਾਣੀ। ਯਾਦ ਰਹੇ ਸਿੰਘ ਜਦ ਘੋੜੇ ਦੀ ਰਕਾਬ ਤੇ ਪੈਰ ਧਰਦੇ ਸਨ ਨਿਸ਼ਾਨਾ ਦੁਸ਼ਮਣ ਦੀ ਹਿਕ ਵਿਚ ਵਜਣ ਤੋਂ ਸਿਵਾਏ ਕੁਝ ਨਾ ਸੀ ਹੁੰਦਾ ਯਾਣੀ ਨਾ ਜਥੇਦਾਰੀ ਨਾ ਮਜਬੂਰੀ। -ਗੁਰਦੇਵ ਸਿੰਘ ਸਧੇਵਾਲੀਆ


AKALI SINGH SIKH SOCIETY
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309
www.akalisinghgurdwara.ca
Email: akalisinghsikhsociety@gmail.com

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂਘਰ ਦੇ ਸ਼ਰਧਾਲੂ ਪਰਿਵਾਰਾਂ, ਨਵਾਂ ਸ਼ਹਿਰ ਤੇ ਗੜ੍ਹਸ਼ੰਕਰ ਦੇ ਆਸ-ਪਾਸ ਦੇ ਪਿੰਡਾਂ ਦੀਆਂ ਸੰਗਤਾਂ ਮਿਲ ਕੇ ਬ੍ਰਹਮ ਗਿਆਨੀ ਬਾਬਾ ਜਵਾਹਰ ਸਿੰਘ ਜਿਹੜੇ ਬਾਬਾ ਗੰਗਦਾਸ ਗੜ੍ਹਸ਼ੰਕਰ ਵਾਲੇ ਦੇ ਪੜ-ਪੋਤਰੇ ਸਨ, ਦੀ ਯਾਦ ਵਿਚ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ, ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਏ ਜਾ ਰਹੇ ਹਨ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ- 25 ਅਪ੍ਰੈਲ 2025, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- 27 ਅਪ੍ਰੈਲ 2025, ਦਿਨ ਐਤਵਾਰ ਸਵੇਰੇ 9:00 ਵਜੇ

ਭੋਗ ਉਪਰੰਤ ਗੁਰੂਘਰ ਦੇ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗੁਣੀ ਗਿਆਨੀ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀ ਖੁਸ਼ੀਆਂ ਪ੍ਰਾਪਤ ਕਰੋ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ

ਹੋਰ ਜਾਣਕਾਰੀ ਲਈ ਸੰਪਰਕ
ਭਾਈ ਗੁਰਪਾਲ ਸਿੰਘ ਨਾਗਰਾ- 778-233-8105, ਭਾਈ ਹਰਦੀਪ ਸਿੰਘ ਧੰਜਲ- 604-346-6665, ਭਾਈ ਰਵਿੰਦਰ ਸਿੰਘ ਮਾਨ- 778-874-5850,
ਬੀਬੀ ਕਿਰਪਾਲ ਕੌਰ ਗਿੱਲ- 604-715-7042, ਭਾਈ ਸੁਰਜੀਤ ਸਿੰਘ ਹੀਰ- 604-306-5069, ਭਾਈ ਜਰਨੈਲ ਸਿੰਘ ਦਿਆਲ- 604-327-1525

26 ਅਪ੍ਰੈਲ, ਦਿਨ ਸ਼ਨਿੱਚਰਵਾਰ.......ਦੁਪਹਿਰ 12:30 ਵਜੇ ਸਵ. ਭਾਈ ਗੁਰਮੀਤ ਸਿੰਘ ਗਿੱਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
26 ਅਪ੍ਰੈਲ ਦਿਨ ਸ਼ਨਿੱਚਰਵਾਰ........ਬਾਅਦ ਦੁਪਹਿਰ 2:30 ਵਜੇ ਸਵ. ਭਾਈ ਰਾਮ ਤੀਰਥ ਸਿੰਘ ਬੈਂਸ ਦੀ ਆਤਮਿਕ ਸ਼ਾਂਤੀ ਲਈ ਆਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
26 ਅਪ੍ਰੈਲ, ਦਿਨ ਸ਼ਨਿੱਚਰਵਾਰ.......ਸ਼ਾਮ ਨੂੰ 5:30 ਵਜੇ ਸਵ. ਭਾਈ ਕੁਲਵੰਤ ਸਿੰਘ ਪ੍ਰਮਾਰ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
26 ਅਪ੍ਰੈਲ, ਦਿਨ ਸ਼ਨਿੱਚਰਵਾਰ.......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਵਾਹਰ ਲਾਲ ਭੱਟ ਤੇ ਪਰਿਵਾਰ ਵਲੋਂ ਹੋਵੇਗੀ।
26 ਅਪ੍ਰੈਲ, ਦਿਨ ਸ਼ਨਿੱਚਰਵਾਰ.......ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸੰਗਤ ਬਲਿੰਗ ਵਲੋਂ ਹੋਵੇਗੀ।
27 ਅਪ੍ਰੈਲ, ਦਿਨ ਐਤਵਾਰ..........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸੁਖਜੀਵਨ ਗਿੱਲ ਅਤੇ ਪਰਿਵਾਰ ਵਲੋਂ ਹੋਵੇਗੀ।
2,3,4 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰਮੇਲ ਸਿੰਘ ਕੈਂਥ ਅਤੇ ਪਰਿਵਾਰ ਵਲੋਂ ਹੋਵੇਗੀ।
2 ਮਈ, ਦਿਨ ਸ਼ੁੱਕਰਵਾਰ............ਸਵੇਰ ਨੂੰ ਅਨੰਦ ਕਾਰਜ ਹੋਵੇਗਾ।
3 ਮਈ, ਦਿਨ ਸ਼ਨਿੱਚਰਵਾਰ..........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
3 ਮਈ, ਦਿਨ ਸ਼ਨਿੱਚਰਵਾਰ..........ਸ਼ਾਮ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਸਾਹਿਬ ਸਿੰਘ ਰੰਧਾਵਾ ਅਤੇ ਪਰਿਵਾਰ ਵਲੋਂ ਹੋਵੇਗੀ।
3 ਮਈ, ਦਿਨ ਸ਼ਨਿੱਚਰਵਾਰ..........ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਭਾਈ ਅਜੀਤ ਸਿੰਘ ਬਲਿੰਗ ਅਤੇ ਪਰਿਵਾਰ ਵਲੋਂ ਹੋਵੇਗੀ।
